### ਅਧਿਆਇ 3

# ਯਿਸੂ ਦੀ ਆਮ ਸੇਵਕਾਈ ਜਾਰੀ

## "ਸੁੱਕੇ ਹੱਥ ਵਾਲਾ ਆਦਮੀ" (3:1-6)[1]

**[1]ਉਹ ਫੇਰ ਸਮਾਜ ਵਿੱਚ ਗਿਆ ਅਰ ਉੱਥੇ ਇੱਕ ਮਨੁੱਖ ਸੀ ਜਿਹ ਦਾ ਹੱਥ ਸੁੱਕਿਆ ਹੋਇਆ ਸੀ [2]ਅਤੇ ਓਹ ਉਸ ਦੀ ਤੱਕ ਵਿਚ ਲੱਗੇ ਹੋਏ ਸਨ ਕਿ ਵੇਖੀਏ ਉਹ ਸੱਬਤ ਦੇ ਦਿਨ ਉਸ ਨੂੰ ਚੰਗਾ ਕਰੇ ਕਿ ਨਹੀਂ ਭਈ ਉਹ ਦੇ ਜੁੰਮੇ ਦੋਸ਼ ਲਾਉਣ [3]ਉਹ ਨੇ ਉਸ ਸੁੱਕੇ ਹੱਥ ਵਾਲੇ ਮਨੁੱਖ ਨੂੰ ਆਖਿਆ, ਵਿਚਾਲੇ ਖੜਾ ਹੋ [4]ਫੇਰ ਉਹ ਨੇ ਉਨ੍ਹਾਂ ਤੋਂ ਪੁੱਛਿਆ ਕਿ ਸੱਬਤ ਦੇ ਦਿਨ ਭਲਾ ਕਰਨਾ ਜੋਗ ਹੈ ਯਾ ਬੁਰਾ ਕਰਨਾ? ਜਾਨ ਬਚਾਉਣੀ ਯਾ ਜਾਨ ਮਾਰਨੀ? ਪਰ ਓਹ ਚੁੱਪ ਹੀ ਰਹੇ [5]ਤਦ ਉਹ ਨੇ ਉਨ੍ਹਾਂ ਦੀ ਸਖ਼ਤ ਦਿਲੀ ਦੇ ਕਾਰਣ ਉਦਾਸ ਹੋਕੇ ਉਨ੍ਹਾਂ ਵੱਲ ਕ੍ਰੋਧ ਨਾਲ ਚੁਫੇਰੇ ਨਜ਼ਰ ਕੀਤੀ ਅਤੇ ਉਸ ਮਨੁੱਖ ਨੂੰ ਕਿਹਾ, ਆਪਣਾ ਹੱਥ ਲੰਮਾ ਕਰ। ਤਾਂ ਉਸ ਨੇ ਲੰਮਾ ਕੀਤਾ ਅਤੇ ਉਸ ਦਾ ਹੱਥ ਫੇਰ ਚੰਗਾ ਹੋ ਗਿਆ [6]ਤਦ ਫ਼ਰੀਸੀਆਂ ਨੇ ਨਿੱਕਲ ਕੇ ਉਸ ਵੇਲੇ ਹੇਰੋਦੀਆਂ ਨਾਲ ਉਹ ਦੇ ਵਿਰੁੱਧ ਮਤਾ ਪਕਾਇਆ ਜੋ ਕਿਸ ਤਰ੍ਹਾਂ ਉਹ ਦਾ ਨਾਸ ਕਰੀਏ।**

**ਆਇਤਾਂ 1-3.** ਸੱਬਤ ਵਾਲੇ ਦਿਨ ਯਿਸੂ ਉਪਦੇਸ਼ ਦੇਣ ਲਈ **ਸਮਾਜ** (ਸਿਨਾਗੋਗ, ਅਰਥਾਤ ਯਹੂਦੀਆਂ ਦਾ ਪ੍ਰਾਰਥਨਾ ਭਵਨ– ਅਨੁਵਾਦਕ) **ਵਿੱਚ ਗਿਆ ਅਰ ਉੱਥੇ ਇੱਕ ਮਨੁੱਖ ਸੀ ਜਿਹ ਦਾ ਹੱਥ ਸੁੱਕਿਆ ਹੋਇਆ ਸੀ।** ਫ਼ਰੀਸੀਆਂ ਦੀ ਸਿੱਖਿਆ ਵਿਚ ਸੁਧਾਰ ਕਰਨ ਲਈ ਉਨ੍ਹਾਂ ਦੇ ਸ਼ਰ੍ਹਾ ਦੀ ਗਲਤ ਵਰਤੋਂ ਕੀਤੇ ਜਾਣ ਨੂੰ ਵਿਖਾਉਣ ਲਈ ਯਿਸੂ ਨੇ ਜਾਣ-ਬੁੱਝ ਕੇ ਸੱਬਤ ਦਾ ਸਵਾਲ ਉਠਾਇਆ। ਛੇ ਵੱਖੋ-ਵੱਖ ਵਿਰਤਾਂਤਾਂ ਵਿਚ ਸੱਬਤ ਵਾਲੇ ਦਿਨ ਯਿਸੂ ਦੀ ਚੰਗਿਆਈ ਨਾਲ ਸਬੰਧਿਤ ਝਗੜੇ ਬਾਰੇ ਦੱਸਿਆ ਗਿਆ ਹੈ।[2]

**ਅਤੇ ਓਹ ਉਸ ਦੀ ਤੱਕ ਵਿਚ ਲੱਗੇ ਹੋਏ ਸਨ ਕਿ ਵੇਖੀਏ ਉਹ ਸੱਬਤ ਦੇ ਦਿਨ ਉਸ ਨੂੰ ਚੰਗਾ ਕਰੇ ਕਿ ਨਹੀਂ ਭਈ ਉਹ ਦੇ ਜੁੰਮੇ ਦੋਸ਼ ਲਾਉਣ।** ਇਕ ਵਾਰ ਫੇਰ ਤੋਂ ਫ਼ਰੀਸੀਆਂ ਨੇ ਇਹ ਵੇਖਣ ਲਈ ਕਿ ਭਲਾ ਉਹ ਸੱਬਤ ਵਾਲੇ ਦਿਨ ਆਪਣੀ ਸਿੱਖਿਆ ਦੇ ਮੁਤਾਬਿਕ ਕਰਦਾ ਹੈ ਜਾਂ ਨਹੀਂ, ਉਹਦੀ ਜਸੂਸੀ ਕਰਨੀ ਚਾਹੀ। ਸਿਨਾਗੋਗ ਵਿਚ ਇਕ ਸੁੱਕੇ ਹੱਥ ਵਾਲਾ ਆਦਮੀ ਸੀ, ਅਤੇ ਯਿਸੂ ਨੇ ਉਸ ਨੂੰ ਇਹ ਆਖਦਿਆਂ ਕਿ **"ਵਿਚਾਲੇ ਖੜਾ ਹੋ!"** ਇਹ ਵਿਖਾ ਦਿੱਤਾ ਕਿ ਉਹ ਕੀ ਕਰਨ ਵਾਲਾ ਸੀ।

**ਆਇਤ 4.** ਮੱਤੀ 12:10 ਦੱਸਦਾ ਹੈ ਕਿ ਉਸ ਉੱਤੇ ਇਲਜ਼ਾਮ ਲਾਉਣ ਲਈ ਉਨ੍ਹਾਂ ਨੇ ਪੁੱਛਿਆ, "ਭਲਾ, ਸੱਬਤ ਦੇ ਦਿਨ ਚੰਗਾ ਕਰਨ ਜੋਗ ਹੈ?" ਪਰ ਯਿਸੂ ਉਨ੍ਹਾਂ ਦੇ ਮਨ ਦੇ ਵਿਚਾਰਾਂ ਨੂੰ ਜਾਣਦਾ ਸੀ। ਉਸ ਨੇ ਇਹ ਆਖਦਿਆਂ ਕਿ **"ਸੱਬਤ ਦੇ ਦਿਨ ਭਲਾ ਕਰਨਾ ਜੋਗ ਹੈ ਯਾ ਬੁਰਾ ਕਰਨਾ? ਜਾਨ ਬਚਾਉਣੀ ਯਾ ਜਾਨ ਮਾਰਨੀ? ਪਰ ਓਹ ਚੁੱਪ ਹੀ ਰਹੇ।"** ਉਨ੍ਹਾਂ ਤੋਂ ਇਸ ਨਾਲੋਂ ਵੀ ਵੱਡਾ ਸਵਾਲ ਪੁੱਛ ਲਿਆ, ਜਵਾਬ ਐਨਾ ਸਾਫ਼ ਹੋਣਾ ਚਾਹੀਦਾ ਸੀ ਕਿ ਕੋਈ ਬੱਚਾ ਵੀ ਦੇ ਸਕਦਾ। ਇਨ੍ਹਾਂ ਸੁਣਨ ਵਾਲਿਆਂ ਵੱਲੋਂ ਬੁਰਾਈ ਕਰਨ ਦੀ ਗੱਲ ਸੋਚੀ ਵੀ ਨਹੀਂ ਜਾਣੀ ਚਾਹੀਦੀ ਸੀ, ਪਰ ਫ਼ਰੀਸੀ ਲੋਕਾਂ ਨੂੰ ਉਸ ਦਿਨ ਕਿਸੇ ਦੁਖੀ ਵਿਅਕਤੀ ਦੀ ਮਦਦ ਕਰਨ ਤੋਂ ਰੋਕ ਕੇ ਬੁਰਾਈ ਕਰ ਰਹੇ ਸਨ। ਯਿਸੂ ਜੋ ਕਿ ਉਨ੍ਹਾਂ ਦੇ ਖ਼ਤਰਨਾਕ ਵਿਚਾਰਾਂ ਨੂੰ ਜਾਣਦਾ ਸੀ, ਆਪਣੇ ਸ਼ਬਦਾਂ ਨਾਲ ਉਨ੍ਹਾਂ ਦੇ

ਮਨਾਂ ਤੇ ਵਾਰ ਕਰ ਰਿਹਾ ਸੀ। ਹੁਣ ਤਕ ਉਹ ਉਹਦੇ ਕਤਲ ਦੀ ਯੋਜਨਾ ਬਣਾ ਰਹੇ ਸਨ (3:6), ਅਤੇ ਉਹਨੂੰ ਇਹ ਪਤਾ ਸੀ, ਫਿਰ ਵੀ ਉਹ ਸਿਰਫ਼ ਭਲਿਆਈ ਹੀ ਕਰਦਾ ਰਿਹਾ। ਉਹ ਇਕ ਸ਼ਬਦ ਨਾਲ ਉਨ੍ਹਾਂ ਸਾਰਿਆਂ ਨੂੰ ਬਰਬਾਦ ਕਰ ਸਕਦਾ ਸੀ, ਪਰ ਉਸ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਕੌਮ ਨੂੰ ਹੋਰ ਚਾਲ਼ੀ ਵਰ੍ਹਿਆਂ ਤਕ ਰਹਿਣ ਦਿੱਤਾ।

**ਪਰ ਓਹ ਚੁੱਪ ਹੀ ਰਹੇ।** ਜੇ ਉਹ ਮੰਨ ਲੈਂਦੇ ਕਿ ਸੱਬਤ ਵਾਲੇ ਦਿਨ ਲੋੜ ਪੈਣ ਤੇ ਭਲਾ ਕੀਤਾ ਜਾ ਸਕਦਾ ਹੈ (ਭਾਵੇਂ ਉਹ ਕਿਸੇ ਜਾਨਵਰ ਨੂੰ ਬਚਾਉਣਾ ਹੀ ਹੋਵੇ) ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਹਾਸੋ-ਹੀਣੀ ਹਾਲਤ ਵਿਚ ਪਾ ਦੇਣਾ ਸੀ ਅਤੇ ਉਨ੍ਹਾਂ ਕੋਲ ਬਿਲਕੁਲ ਕੋਈ ਜਵਾਬ ਨਹੀਂ ਹੋਣਾ ਸੀ। ਆਪਣੀ ਪ੍ਰਤੀਕਿਰਿਆ ਵਿਚ ਫ਼ਰੀਸੀਆਂ ਨੇ ਇਕ ਵਾਰ ਫੇਰ ਤੋਂ ਆਪਣੇ ਕਪਟ ਨੂੰ ਵਿਖਾ ਦਿੱਤਾ, ਕਿਉਂ ਜੋ ਉਨ੍ਹਾਂ ਨੇ ਆਪਣੇ ਰੂੜੀਵਾਦੀ ਹੋਣ ਦੀ ਪਰਵਾਹ ਕੀਤੀ, ਨਾ ਕਿ ਉਸ ਸੁੱਕੇ ਹੱਥ ਵਾਲੇ ਉਸ ਆਦਮੀ ਦੀ। ਉਨ੍ਹਾਂ ਨੂੰ ਸੱਬਤ ਵਾਲੇ ਦਿਨ ਖੂਹ ਵਚ ਡਿੱਗੇ ਪਾਲਤੂ ਜਾਨਵਰ ਦੀ ਮਦਦ ਕਰਨ ਜਾਂ ਕਿਸੇ ਜਾਨਵਰ ਨੂੰ ਪਾਣੀ ਪਿਆਉਣਾ (ਲੂਕਾ 13:15) ਯਿਸੂ ਦੇ ਉਸ ਦਿਨ ਕਿਸੇ ਨੂੰ ਚੰਗਿਆਈ ਦੇਣ ਨਾਲੋਂ ਬਿਹਤਰ ਲੱਗਾ (ਮੱਤੀ 12:11)। ਲੂਕਾ 14:5 ਉਨ੍ਹਾਂ ਦੇ ਇਸ ਵਿਸ਼ਵਾਸ ਨੂੰ ਵਿਖਾਉਂਦਾ ਹੈ ਕਿ ਸੱਬਤ ਵਾਲੇ ਦਿਨ ਕਿਸੇ ਬੱਚੇ ਜਾਂ ਜਾਨਵਰ ਨੂੰ ਖੂਹ ਵਿੱਚੋਂ ਕੱਢਿਆ ਜਾ ਸਕਦਾ ਹੈ। ਕੁਮਰਾਨ ਦੇ ਹੋਰ ਵੀ ਸਖ਼ਤ ਲੋਕ ਸੱਬਤ ਵਾਲੇ ਦਿਨ ਕਿਸੇ ਜਾਨਵਰ ਦੇ ਸੂਣ ਵਿਚ ਮਦਦ ਕਰਨ ਜਾਂ ਖੂਹ ਵਿਚ ਡਿੱਗੇ ਨੂੰ ਬਚਾਉਣ ਦਾ ਵੀ ਵਿਰੋਧ ਕਰਦੇ ਹਨ।[3] ਦੂਜੀ ਸਦੀ ਈ.ਪੂ. ਵਿਚ, ਇਕ ਹਜ਼ਾਰ ਪੁਰਖਾਂ, ਔਰਤਾਂ ਅਤੇ ਬੱਚਿਆਂ ਨੇ ਸੱਬਤ ਵਾਲੇ ਦਿਨ ਜੰਗ ਲੜਨ ਨਾਲੋਂ ਆਪਣੇ ਆਪ ਨੂੰ ਮਰਨ ਲਈ ਦੇ ਦਿੱਤਾ।[4] ਪਰ ਸੁੱਕੇ ਹੱਥ ਵਾਲਾ ਆਦਮੀ ਖ਼ਤਰਨਾਕ ਨਹੀਂ ਸੀ, ਅਤੇ ਕਈ ਲੋਕ ਸਿਨਾਗੋਗ ਦੇ ਪ੍ਰਧਾਨ ਨਾਲ ਸਹਿਮਤ ਹੋਣਗੇ ਜਿਸ ਨੇ ਕਿਸੇ ਹੋਰ ਮੌਕੇ ਤੇ ਕਿਹਾ, ''ਛੇ ਦਿਨ ਹਨ ਜਿਨ੍ਹਾਂ ਵਿਚ ਕੰਮ ਕਰਨਾ ਚਾਹੀਦਾ ਹੈ ਸੋ ਇਨ੍ਹਾਂ ਵਿਚ ਆਣ ਕੇ ਚੰਗੇ ਹੋਵੋ ਨਾ ਕਿ ਸੱਬਤ ਦੇ ਦਿਨ'' (ਲੂਕਾ 13:14)।

ਬੁਰਿਆਈ ਆਪਣਾ ਕੰਮ ਕਰਦੀ ਰਹਿੰਦੀ ਹੈ, ਇੱਥੋਂ ਤਕ ਕਿ ਸੱਬਤ ਵਾਲੇ ਦਿਨ ਵੀ, ਇਸ ਕਰਕੇ ਯਕੀਨਨ ਉਸ ਦਿਨ ਭਲਿਆਈ ਕਰਨਾ ਸਹੀ ਹੈ। ਮੌਤ ਅਤੇ ਬਿਮਾਰੀ ਹਰ ਸਮੇਂ ਸਾਡੇ ਨਾਲ ਰਹਿੰਦੇ ਹਨ, ਇਸ ਕਰਕੇ ਸਾਨੂੰ ਦੂਜਿਆਂ ਦੀ ਮਦਦ ਕਰਨ ਜਾਂ ਉਨ੍ਹਾਂ ਨੂੰ ਨੁਕਸਾਨ ਹੋਣ ਤੋਂ ਬਚਾਉਣ ਲਈ ਕੰਮ ਕਰਦੇ ਰਹਿਣ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ। ਯਿਸੂ ਦੇ ਵੈਰੀਆਂ ਨੇ ਉਹਨੂੰ ਫਸਾਉਣਾ ਚਾਹਿਆ ਸੀ, ਪਰ ਉਹਨੇ ਇਸ ਮੌਕੇ ਨੂੰ ਉਨ੍ਹਾਂ ਨੂੰ ਸ਼ਰਮਿੰਦਾ ਕਰਨ ਲਈ ਵਰਤ ਲਿਆ।

**ਆਇਤ 5. ਉਨ੍ਹਾਂ ਦੀ ਸਖ਼ਤ ਦਿਲੀ ਦੇ ਕਾਰਣ ਉਦਾਸ ਹੋ ਕੇ** ਯਿਸੂ ਨੇ **ਉਨ੍ਹਾਂ ਵੱਲ ਕ੍ਰੋਧ ਨਾਲ** ਵੇਖਿਆ। ਉਸ ਦਾ ਆਪਣੇ ਉੱਤੇ ਪੂਰਾ ਸੰਜਮ ਹੈ, ਪਰ ਉਹਦਾ ''ਕ੍ਰੋਧ'' (ὀργή, *ਓਰਗੇ*) ਉਹਦੀਆਂ ਨਜ਼ਰਾਂ ਵਿਚ ਹੀ ਰਿਹਾ ਅਤੇ ਉਹਦੇ ਮੂੰਹੋਂ ਨਹੀਂ ਨਿੱਕਲਿਆ। ਉਹਦਾ ਕ੍ਰੋਧ ਸਾਡੇ ਪਾਪ ਉੱਤੇ ਖ਼ੁਦਾ ਦੇ ਕ੍ਰੋਧ ਵਰਗਾ ਆਦਰਸ਼ ਕਿਸਮ ਦਾ ਕ੍ਰੋਧ ਸੀ। ਮਰਕੁਸ ਨੇ ਯਿਸੂ ਦੇ ਵੇਖਣ ਦਾ ਜ਼ਿਕਰ ਇਸ ਦਾ ਵਰਣਨ ਕਰਨ ਵਾਲੇ ਚਸ਼ਮਦੀਦ ਦੇ ਰੂਪ ਵਿਚ ਕੀਤਾ। ਸੰਭਵ ਹੈ ਕਿ ਪਤਰਸ ਨੇ ਇਸ ਵੇਖਣ ਨੂੰ ਯਾਦ ਕੀਤਾ ਜੋ ਕਿ ਉਹਦੇ ਦਿਮਾਗ ਵਿਚ ਪੱਕੇ ਤੌਰ ਤੇ ਛਪ ਗਿਆ। ਇਹ ਪੱਕਾ ਨਹੀਂ ਹੈ ਕਿ ਉਹਨੇ ਅਜਿਹਾ ਚਿਹਰਾ ਕਈ ਵਾਰ ਵੇਖਿਆ ਹੋਵੇ। ਯਿਸੂ ਉਨ੍ਹਾਂ ਨੂੰ ਬਚਾਉਣ ਦੀ ਆਪਣੀ ਪੇਸ਼ਕਸ਼ ਦਿੰਦੇ ਹੋਏ ਫ਼ਰੀਸੀਆਂ ਦੇ ਮਨ ਦੀ ਕਠੋਰਤਾ ਅਤੇ ਨਾ ਮੰਨਣ ਤੇ ਪ੍ਰਤੀਕਿਰਿਆ ਦੇ ਰਿਹਾ ਸੀ। ਯਿਸੂ ਉਦੋਂ ਵੀ ਨਰਾਜ਼ ਹੋਇਆ ਸੀ, ਜਦੋਂ ਉਸ ਨੇ ਆਪਣੇ ਹੀ ਚੇਲਿਆਂ ਦੀ ਸਖ਼ਤਦਿਲੀ ਨੂੰ ਵੇਖਿਆ ਸੀ (ਮਰਕੁਸ 6:52)।

ਉਹਨੇ ਉਸ ਆਦਮੀ ਨੂੰ ਚੰਗਿਆਈ ਦੇਣ ਦਾ ਕੰਮ ਓਸੇ ਵੇਲੇ ਕੀਤਾ, ਕਿਉਂ ਜੋ ਦੇਰ ਕਰਨ ਨਾਲ ਉਨ੍ਹਾਂ ਦੀ ਬੇਕਾਰ ਸ਼ਿਕਾਇਤ ਦੇ ਖ਼ਤਰਿਆਂ ਨੂੰ ਵਧਾ ਸਕਦਾ ਸੀ। **ਅਤੇ ਉਸ ਮਨੁੱਖ ਨੂੰ ਕਿਹਾ, ਆਪਣਾ ਹੱਥ ਲੰਮਾ ਕਰ।** ਉਹਨੇ ਹੱਥ ਵਧਾਇਆ **ਅਤੇ ਉਸ ਦਾ ਹੱਥ ਫੇਰ ਚੰਗਾ ਹੋ ਗਿਆ।**

**ਆਇਤ 6. ਤਦ ਫ਼ਰੀਸੀਆਂ ਨੇ ਨਿੱਕਲ ਕੇ ਉਸ ਵੇਲੇ ਹੇਰੋਦੀਆਂ ਨਾਲ ਉਹ ਦੇ ਵਿਰੁੱਧ ਮਤਾ**

**ਪਕਾਇਆ।** ਉਨ੍ਹਾਂ ਕੋਲ ਯਿਸੂ ਨੂੰ ਮਾਰ ਸੁੱਟਣਾ ਚਾਹੁਣ ਦੇ ਘੱਟੋ–ਘੱਟ ਤਿੰਨ ਕਾਰਣ ਸਨ: ਉਹਨੇ ਖ਼ੁਦਾ ਦਾ ਪੁੱਤਰ ਹੋਣ ਦਾ ਦਾਅਵਾ ਕੀਤਾ, ਜਿਸ ਨੂੰ ਉਨ੍ਹਾਂ ਨੇ ਕੁਫ਼ਰ ਮੰਨਿਆ; ਉਨ੍ਹਾਂ ਦਾ ਮੰਨਣਾ ਸੀ ਕਿ ਉਸ ਦਾ ਵਿਹਾਰ ਅਤੇ ਸਿੱਖਿਆ ਸੱਬਤ ਦੇ ਦਿਨ ਦਾ ਅਪਮਾਨ ਕਰਨ ਵਾਲੇ ਸਨ; ਉਹ ਇਸ ਗੱਲ ਤੋਂ ਚਿੜੇ ਹੋਏ ਸਨ ਕਿ ਉਹ ਉਨ੍ਹਾਂ ਦੇ ਕਪਟ ਨੂੰ ਸਾਹਮਣੇ ਲਿਆ ਰਿਹਾ ਸੀ। ਉਨ੍ਹਾਂ ਦੀ ਸਖ਼ਤਦਿਲੀ ਦੇ ਕਾਰਣ ਯਿਸੂ ਦੇ ਪ੍ਰਤੀ ਨਫ਼ਰਤ ਵਧ ਗਈ, ਜੋ ਕਿ ਉਨ੍ਹਾਂ ਵੱਲੋਂ ਉਸ ਦਾ ਕਤਲ ਕਰਨਾ ਚਾਹੁਣ ਦੀ ਇੱਛਾ ਦੇ ਵਧਣ ਦਾ ਕਾਰਣ ਬਣੀ।

ਭਲਾ ਯਿਸੂ ਨੇ ਇੱਥੇ ਸਚਮੁਚ ਕੋਈ ਕੰਮ ਕੀਤਾ? ਯਕੀਨਨ ਇਹ ਸਪੱਸ਼ਟ ਨਹੀਂ ਸੀ, ਭਾਵੇਂ ਅਸੀਂ ਜਾਣਦੇ ਹਾਂ ਕਿ ਕਿਸੇ ਨੂੰ ਵੀ ਚੰਗਿਆਈ ਦੇਣ ਲਈ ਤਾਕਤ ਲਗਦੀ ਸੀ। ਉਹਦੇ ਕੋਲ ਚੰਗਿਆਈ ਦੇਣ ਦੀ ਖ਼ੁਦਾਈ ਸ਼ਕਤੀ ਸੀ, ਇਸ ਕਰਕੇ ਉਹਦੇ ਲਈ ਸੱਬਤ ਵਾਲੇ ਦਿਨ ਇਸ ਨੂੰ ਵਰਤਣਾ ਗਲਤ ਨਹੀਂ ਹੋ ਸਕਦਾ ਸੀ। ਉਹਦੇ ਸਵਾਲ ਕਰਨ ਵਾਲੇ ਆਪਣੇ ਆਪ ਨੂੰ ਦੋਸ਼ੀ ਠਹਿਰਾਏ ਬਗੈਰ ਉਸ ਉੱਤੇ ਦੋਸ਼ ਨਹੀਂ ਲਾ ਸਕਦੇ ਸਨ, ਕਿਉਂ ਜੋ ਉਹ ਸੱਬਤ ਵਾਲੇ ਦਿਨ ਬਹੁਤ ਸਾਰੀਆਂ ਗੱਲਾਂ ਕਰਦੇ ਸਨ। ਇਹਦੇ ਨਾਲ ਹੀ ਮਨੁੱਖ ਹੋਣ ਕਰਕੇ ਯਿਸੂ ਕੰਮ ਕਰਦਿਆਂ ਰਹਿਣ ਨਾਲ ਸੁਭਾਵਕ ਰੂਪ ਵਿਚ ਥੱਕ ਸਕਦਾ ਸੀ। ਕਿਉਂ ਜੋ ਉਹਦੇ ਵੱਲੋਂ ਕੀਤੇ ਜਾਣ ਵਾਲੇ ਮੋਅਜਜ਼ੇ ਉਹਦੇ ਅੰਦਰੋਂ ਨਿੱਕਲਣ ਵਾਲੀ ਸ਼ਕਤੀ ਨਾਲ ਹੀ ਹੋਣੇ ਸਨ (ਮਰਕੁਸ 5:30 ਵੇਖੋ)। ''ਸ਼ਕਤੀ'' (ἐξουσία, *ਐਗਜ਼ੋਸਿਆ*) ਸ਼ਬਦ ਦੀ ਵਰਤੋਂ ਉਸ ਸਾਧਨ ਨੂੰ ਦੱਸਣ ਲਈ ਵੀ ਹੋਈ ਹੈ ਜਿਸ ਨਾਲ ਯਿਸੂ ਨੇ ਕਿਸੇ ਪਰੇਸ਼ਾਨ ਵਿਅਕਤੀ ਦੇ ਪਾਪਾਂ ਨੂੰ ਮਾਫ਼ ਕੀਤਾ (ਮੱਤੀ 9:6, 8; ਮਰਕੁਸ 2:10; ਲੂਕਾ 5:24)।

ਇੰਜੀਲ ਦੇ ਵਿਰਤਾਂਤਾਂ ਵਿਚ **ਹੇਰੋਦੀਆਂ** ਦਾ ਨਾਂਅ ਇੱਥੇ ਪਹਿਲੀ ਵਾਰ ਆਇਆ ਹੈ।[5] ਉਹ ਧਾਰਮਿਕ ਨਹੀਂ ਬਲਕਿ ਸਿਆਸੀ ਜਮਾਤ ਸਨ। ਮਸੀਹ ਨੇ ਅਜਿਹੇ ਲੋਕਾਂ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਅਸਲ ਵਿਚ ਨਜ਼ਰਅੰਦਾਜ਼ ਕੀਤਾ। ਇਹ ਰੋਮ ਨਾਲ ਸਮਝੌਤਾ ਕਰ ਲੈਣ ਵਾਲੇ ਲੋਕ ਸਨ। ਇਹਦੇ ਉਲਟ ਫ਼ਰੀਸੀ ਲੋਕ ਉਨ੍ਹਾਂ ਉੱਤੇ ਕਬਜ਼ਾ ਕਰਨ ਵਾਲਿਆਂ ਤੋਂ ਨਫ਼ਰਤ ਕਰਦੇ ਸਨ; ਪਰ ਮਸੀਹ ਨਾਲ ਆਪਣੀ ਦੁਸ਼ਮਣੀ ਦੇ ਕਰਕੇ ਉਹ **ਉਹਦਾ ਨਾਸ** ਕਰਨ ਲਈ ਹੇਰੋਦੇਸੀਆਂ ਨਾਲ ਸਹਿਯੋਗ ਕਰਨ ਨੂੰ ਤਿਆਰ ਸਨ। ਇਸ ਕੰਮ ਨੂੰ ਅੰਜਾਮ ਦੇਣ ਲਈ ਉਨ੍ਹਾਂ ਦੇ ਮੁੱਤਅਸਬ ਨੇ ਬੜਾ ਕੰਮ ਕੀਤਾ। ਉਨ੍ਹਾਂ ਨੂੰ ਪਤਾ ਸੀ ਕਿ ਯਿਸੂ ਨੂੰ ਮਰਵਾਉਣ ਲਈ ਉਨ੍ਹਾਂ ਨੂੰ ਹੇਰੋਦੇਸੀਆਂ ਦੇ ਸਿਆਸੀ ਦਬਦਬੇ ਦੀ ਲੋੜ ਪਵੇਗੀ।

ਇਹਦੇ ਬਾਅਦ ''ਸੁਦਾਪੁਣੇ ਨਾਲ ਭਰੇ'' ਫ਼ਰੀਸੀ ਸਿਨਾਗੋਗ ਤੋਂ ਚਲੇ ਗਏ (ਲੂਕਾ 6:11; NASB; NKJV) ''ਆਪਣੀ ਸਖ਼ਤਦਿਲੀ'' ਦੇ ਨਾਲ–ਨਾਲ ਉਹ ''ਮੱਚੇ ਹੋਏ'' ਸਨ (NIV) ਆਇਤ 6 ਉਨ੍ਹਾਂ ਪੰਜ ਵਿਵਾਦ ਭਰੇ ਵਿਰਤਾਂਤਾਂ ਦਾ ਸਿਖ਼ਰ ਹੈ, ਜਿਨ੍ਹਾਂ ਦਾ ਆਰੰਭ 2:1 ਵਿੱਚ ਹੋਇਆ।[6]

## ਵੱਡੀ ਭੀੜ ਅਤੇ ਬਦਰੂਹਾਂ (3:7-12)[7]

**[7]ਯਿਸੂ ਆਪਣੇ ਚੇਲਿਆਂ ਸਣੇ ਝੀਲ ਵੱਲ ਚੱਲਿਆ ਗਿਆ ਅਰ ਗਲੀਲ ਤੋਂ ਬਹੁਤ ਸਾਰੇ ਲੋਕ ਮਗਰ ਹੋ ਤੁਰੇ [8]ਅਰ ਯਹੂਦਿਯਾ ਅਤੇ ਯਰੂਸ਼ਲਮ ਅਤੇ ਅਦੂਮ ਤੋਂ ਅਤੇ ਯਰਦਨ ਦੇ ਪਾਰੋਂ ਅਤੇ ਸੂਰ ਅਤੇ ਸੈਦਾ ਦੇ ਆਲੇ ਦੁਆਲਿਉਂ ਇੱਕ ਵੱਡੀ ਭੀੜ ਇਹ ਸੁਣ ਕੇ ਜੋ ਉਹ ਕਿਹੇ ਵੱਡੇ ਵੱਡੇ ਕੰਮ ਕਰਦਾ ਹੈ ਉਹ ਦੇ ਕੋਲ ਆਈ [9]ਤਾਂ ਉਹ ਨੇ ਆਪਣੇ ਚੇਲਿਆ ਨੂੰ ਆਖਿਆ, ਭੀੜ ਦੇ ਕਾਰਣ ਇੱਕ ਡੋਂਗੀ ਮੇਰੇ ਲਈ ਤਿਆਰ ਰਹੇ ਭਈ ਲੋਕ ਮੈਨੂੰ ਦਬਾ ਨਾ ਲੈਣ [10]ਕਿਉਂਕਿ ਉਹ ਨੇ ਬਹੁਤਿਆਂ ਨੂੰ ਚੰਗਾ ਕੀਤਾ ਸੀ ਐਥੋਂ ਤੋੜੀ ਕਿ ਜਿੰਨੇ ਰੋਗੀ ਸਨ ਓਹ ਉਸ ਨੂੰ ਛੋਹਣ ਲਈ ਉਸ ਉੱਤੇ ਡਿੱਗਦੇ ਜਾਂਦੇ ਸਨ [11]ਅਤੇ ਭਰਿਸ਼ਟ ਆਤਮਿਆਂ ਨੇ ਜਾਂ ਉਹ ਨੂੰ ਵੇਖਿਆ ਤਾਂ ਉਹ ਦੇ ਅੱਗੇ ਡਿੱਗ ਪਏ ਅਰ ਚੀਕਾਂ ਮਾਰ ਕੇ ਬੋਲੇ, ਤੂੰ ਪਰਮੇਸ਼ੁਰ ਦਾ ਪੁੱਤਰ ਹੈ! [12]ਤਦ ਓਸ ਉਨ੍ਹਾਂ ਨੂੰ ਵੱਡੀ ਤਗੀਦ ਕੀਤੀ ਭਈ ਮੈਨੂੰ ਉਜਾਗਰ ਨਾ ਕਰੋ!**

**ਆਇਤਾਂ 7, 8.** ਮਰਕੁਸ 3:6 ਅਤੇ ਮੱਤੀ 12:14, 15 ਤੋਂ ਪਤਾ ਲਗਦਾ ਹੈ ਕਿ **ਯਿਸੂ** ਫ਼ਰੀਸੀਆਂ ਵੱਲੋਂ ਉਸ ਨੂੰ ਜਾਨੋਂ ਮਾਰਨ ਦੀ ਸਾਜ਼ਸ਼ ਦੇ ਕਰਕੇ ਉੱਥੋਂ ... **ਚਲਿਆ ਗਿਆ।** ਨਿੱਜੀ ਖ਼ਤਰੇ ਤੋਂ ਬਚਣ ਲਈ ਇਹ ਉਹਦਾ ਪਹਿਲੀ ਵਾਰ ਜਾਣਾ ਸੀ, ਪਰ ਬਾਅਦ ਵਿਚ ਉਸ ਨੇ ਕਈ ਵਾਰ ਅਜਿਹਾ ਕਰਨਾ ਸੀ। ਫਿਰ ਵੀ ਹੁਣ ਉਹ ਐਨਾ ਮਸ਼ਹੂਰ ਹੋ ਚੁੱਕਿਆ ਸੀ ਕਿ **ਗਲੀਲ ਤੋਂ ਬਹੁਤ ਸਾਰੇ ਲੋਕ** ਉਹਦੇ ਮਗਰ–ਮਗਰ ਰਹਿਣੇ ਸਨ। ਉਹਦੇ ਮੂੰਹੋਂ ਨਿੱਕਲੀ ਗੱਲ ਐਨੀ ਪ੍ਰਭਾਵਸ਼ਾਲੀ ਸੀ ਕਿ **ਯਹੂਦਿਯਾ ਅਤੇ ਯਰੂਸ਼ਲਮ ਅਤੇ ਅਦੂਮ ਤੋਂ ਅਤੇ ਯਰਦਨ ਦੇ ਪਾਰੋਂ ਅਤੇ ਸੂਰ ਅਤੇ ਸੈਦਾ ਦੇ ਆਲੇ ਦੁਆਲਿਉਂ** ਸਭ ਲੋਕ ਉਹਦੇ ਸਰੋਤੇ ਬਣਨ ਲਈ ਆਉਂਦੇ ਸਨ। ਸ਼ਾਇਦ ਰੋਮੀ ਜਗਤ ਨੂੰ ਇਹ ਦੱਸਣ ਲਈ ਕਿ ਯਿਸੂ ਸਿਰਫ਼ ਸਥਾਨਕ ਮਸੀਹਾ ਜਾਂ ਅਜਿਹਾ ਵਿਅਕਤੀ ਨਹੀਂ ਸੀ ਜਿਹ ਨੂੰ ਸਿਰਫ਼ ਉਹਦੇ ਆਪਣੇ ਲੋਕ ਹੀ ਆਦਰ ਦਿੰਦੇ ਸਨ, ਮਰਕੁਸ ਇੰਜੀਲ ਦੇ ਹੋਰਨਾਂ ਵਿਰਤਾਂਤਾਂ ਨਾਲੋਂ ਵਿਆਪਕ ਸੂਚੀ ਦਿੰਦਾ ਹੈ।

**ਭੀੜ ਇਹ ਸੁਣ ਕੇ ਜੋ ਉਹ ਕਿਹੇ ਵੱਡੇ ਵੱਡੇ ਕੰਮ ਕਰਦਾ ਹੈ ਉਹ ਦੇ ਕੋਲ** ਆਈ। ਆਤਮਿਕ ਗੱਲਾਂ ਦੇ ਜਾਣਕਾਰ ਕਈ ਵਾਰ (ਭਾਵੇਂ ਦੁਨੀਆਂ ਦੇ ਹਿਸਾਬ ਨਾਲ ਬਹੁਤੇ ਪੜ੍ਹੇ ਲਿਖੇ ਨਾ ਹੋਣ) ਆਪਣੇ ਮਾਮੂਲੀ ਅੰਦਾਜ਼ੇ ਨਾਲ ਅਜਿਹੀਆਂ ਸਚਿਆਈਆਂ ਨੂੰ ਸਮਝ ਸਕਦੇ ਹਨ ਜਿਹੜੀਆਂ ਵੱਡੇ ਵੱਡੇ ਵਿਦਵਾਨਾਂ ਨੂੰ ਐਨੀ ਪੜ੍ਹਾਈ ਦੇ ਬਾਵਜੂਦ ਸਮਝ ਨਹੀਂ ਆਉਂਦੀਆਂ। ਵਿਦਵਾਨਾਂ ਤੋਂ ਲੁਕੀ ਹੋਈ ਗੱਲ ਆਮ ਤੌਰ ਤੇ ਭੋਲੇ ਭਾਲੇ ਲੋਕਾਂ ਦੀ ਸਮਝ ਵਿਚ ਆ ਜਾਂਦੀ ਹੈ (ਵੇਖੋ ਮੱਤੀ 11:25, 26)।

**ਆਇਤਾਂ 9, 10.** ਮਰਕੁਸ (ਅਤੇ ਉਹਦਾ ਸੰਭਾਵਿਤ ਸਰੋਤ ਪਤਰਸ) ਐਨੇ ਸਾਰੇ ਲੋਕਾਂ ਦੇ ਇਕੱਠੇ ਆਉਣ ਨਾਲ ਬਹੁਤ ਪ੍ਰਭਾਵਿਤ ਹੁੰਦੇ ਹੋਣਗੇ। ਇਸ ਉੱਤੇਜਨਾ ਨਾਲ ਲੋਕਾਂ ਵਿਚ ਹੋਰ ਵੀ ਦਿਲਚਸਪੀ ਵਧਦੀ ਹੋਵੇਗੀ। ਇਸ ਤੋਂ ਛੁੱਟ, ਚੇਲੇ ਉਹਦੇ ਬਾਰੇ ਗੱਲਾਂ ਕਰਦੇ ਰਹਿੰਦੇ ਹੋਣਗੇ। ਲੋਕ ਐਨੇ ਜ਼ਿਆਦਾ ਸਨ ਕਿ ਉਹ ਸਚਮੁਚ ਉਹਨੂੰ ਛੂਹਣ ਲਈ ਉਹਦੇ ਉੱਤੇ ਡਿੱਗੀ ਜਾਂਦੇ ਸਨ। ਉਹ **ਉਸ ਨੂੰ ਛੋਹਣ ਲਈ ਉਸ ਉੱਤੇ** (3:10 ਵਿਚ **ਡਿੱਗਦੇ ਜਾਂਦੇ ਸਨ** ਲਈ ਯੂਨਾਨੀ ਸ਼ਬਦ *[ἐπιπίπτω, ਏਪਿਪਿਪਟੋ]* ਦੇ ਮੁਤਾਬਿਕ) ਸਚਮੁਚ ਡਿੱਗ ਰਹੇ ਸਨ। ਮਰਕੁਸ 5:25–34 ਤੋਂ ਪਤਾ ਲਗਦਾ ਹੈ ਕਿ ਯਿਸੂ ਦਾ ਸਪਰਸ਼ (ਜਾਂ ''ਉਸ ਨੂੰ ਛੂਹਣਾ'') ਕਿੰਨੀ ਸਮਰੱਥਾ ਨਾਲ ਭਰਿਆ ਹੋਵੇਗਾ। ਭੀੜ ਉਹਦੀਆਂ ਗੱਲਾਂ ਸੁਣਦੀ ਸੀ, ਪਰ ਉਨ੍ਹਾਂ ਦੀ ਦਿਲਚਸਪੀ ਰੂਹਾਨੀ ਗੱਲਾਂ ਵਿਚ ਘੱਟ ਅਤੇ ਸਰੀਰਕ ਗੱਲਾਂ ਵਿਚ ਜ਼ਿਆਦਾ ਸੀ। ਅਸੀਂ ਉਨ੍ਹਾਂ ਦੇ ਕਮਜ਼ੋਰ ਹਾਲਤ ਵਾਲੇ ਅਜ਼ੀਜ਼ਾਂ ਨੂੰ **ਉਹਨੇ ਬਹੁਤਿਆਂ ਨੂੰ ਚੰਗਾ ਕੀਤਾ** ਤੇ ਉਨ੍ਹਾਂ ਦੀ ਉੱਤੇਜਨਾ ਦੀ ਕਲਪਨਾ ਵੀ ਨਹੀਂ ਕਰ ਸਕਦੇ।

ਯਿਸੂ ਬੜਾ ਵਿਹਾਰਕ ਸੀ। **ਉਹ ਨੇ ਆਪਣੇ ਚੇਲਿਆ ਨੂੰ ਆਖਿਆ, ਭੀੜ ਦੇ ਕਾਰਣ ਇੱਕ ਡੋਂਗੀ ਮੇਰੇ ਲਈ ਤਿਆਰ ਰਹੇ ਭਈ ਲੋਕ ਮੈਨੂੰ ਦਬਾ ਨਾ ਲੈਣ।** ਉਹ ਆਪਣੀ ਰਖਵਾਲੀ ਲਈ ਕਿਸੇ ਰੱਬੀ ਚਮਤਕਾਰ ਤੇ ਨਿਰਭਰ ਨਹੀਂ ਸੀ ਬਲਕਿ ਉਸ ਨੇ ਭੀੜ ਤੋਂ ਜ਼ਖ਼ਮੀ ਹੋਣ ਤੋਂ ਬਚਣ ਲਈ ਸਿਆਣਪ ਨਾਲ ਕੰਮ ਕੀਤਾ।

ਚੰਗਿਆਈ ਨਾਲ ਹਰ ਤਰ੍ਹਾਂ ਦੇ ਲੋਕਾਂ ਦੇ ਇਕੱਠਾ ਹੋਣ ਕਰਕੇ ਬਹੁਤ ਵੱਡੀ ਭੀੜ ਲਗ ਜਾਣੀ ਸੀ। ਯਿਸੂ ਕਿਸੇ ਸਿਨਾਗੋਗ ਦੀ ਬਜਾਇ ਬਾਹਰ ਰਹਿ ਕੇ ਬਹੁਤ ਲੋਕਾਂ ਤਕ ਆਪਣਾ ਸੰਦੇਸ਼ ਪਹੁੰਚਾ ਸਕਦਾ ਸੀ। ਪਾਣੀ ਦੇ ਉਸ ਪਾਰ ਅਵਾਜ਼ ਚੰਗੀ ਤਰ੍ਹਾਂ ਨਾਲ ਚਲੀ ਜਾਂਦੀ ਹੈ, ਇਸ ਕਰਕੇ ਬੇੜੀ ਨਾਲ ਯਿਸੂ ਲੋਕਾਂ ਦੇ ਉਸ ਉੱਤੇ ਡਿੱਗੇ ਬਗੈਰ, ਬਹੁਤ ਸਾਰੇ ਲੋਕਾਂ ਨੂੰ ਵਚਨ ਸੁਣਾ ਸਕਦਾ ਸੀ।

**ਆਇਤਾਂ 11, 12. ਭਰਿਸ਼ਟ ਆਤਮਿਆਂ** ਨੇ ਯਿਸੂ ਅੱਗੇ ਕਿਉਂ ਡਿੱਗ ਕੇ[8] ਉਸ ਨੂੰ **ਪਰਮੇਸ਼ੁਰ ਦਾ ਪੁੱਤਰ** ਕਿਉਂ ਮੰਨਣਾ ਸੀ? ਇੱਥੇ ਯਿਸੂ ਨੇ ਖੁੱਲ੍ਹੇ ਤੌਰ ਤੇ ਆਪਣੇ ਖ਼ੁਦਾ ਦੇ ਪੁੱਤਰ ਹੋਣ ਦੀ ਗੱਲ ਨਹੀਂ ਕੀਤੀ ਬਲਕਿ ਸਿਰਫ਼ ਖ਼ੁਦਾ ਨੇ ਅਜਿਹਾ ਕੀਤਾ ਸੀ (1:11)। ਫਿਰ ਵੀ ਸ਼ਤਾਨ ਅਤੇ ਬਦਰੂਹਾਂ ਨੂੰ ਪਤਾ ਸੀ ਕਿ ਉਹ ਕੌਣ ਹੈ। ਮਰਕੁਸ ਨੂੰ ਜਿਸਨੇ ਬਹੁਤ ਬਾਅਦ ਵਿਚ ਲਿਖਿਆ, ਸਾਫ਼ ਤੌਰ ਤੇ ਯਿਸੂ ਦੀ ਅਸਲ ਪਛਾਣ ਪਤਾ ਸੀ (1:1)।

ਕੁਝ ਲੇਖਕ ਅੰਦਾਜ਼ਾ ਵੀ ਨਹੀਂ ਲਾ ਸਕਦੇ ਕਿ ਬਦਰੂਹਾਂ ਅਤੇ ਭੂਤਾਂ ਨੂੰ ਕਿਵੇਂ ਪਤਾ ਸੀ ਅਤੇ ਉਨ੍ਹਾਂ ਨੇ ਕਿਵੇਂ ਮੰਨਣਾ ਸੀ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ। ਉਨ੍ਹਾਂ ਨੂੰ ਜਿਵੇਂ ਵੀ ਪਤਾ ਹੋਵੇ ਪਰ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਵਿਚ ਇਸ ਸਚਿਆਈ ਨੂੰ ਮੰਨਿਆ ਕਿ ''ਤੂੰ ਪਰਮੇਸ਼ੁਰ ਦਾ ਪੁੱਤਰ ਹੈਂ!'' ਯਿਸੂ ਲਈ ਇਹ ਆਮ ਰੁਤਬਾ ਸੀ।[9] ਮੱਤੀ 11:27 ਵਿਚ ਉਹਨੇ ਲੋਕਾਂ ਸਾਹਮਣੇ ਕੀਤੀ ਦੁਆ ਵਿਚ ਆਪਣੇ ਲਈ ਇਸ ਨੂੰ ਵਰਤਿਆ ਵੀ:

> ਸਭ ਕੁਝ ਮੇਰੇ ਪਿਤਾ ਨੇ ਮੈਨੂੰ ਸੌਂਪਿਆ ਹੋਇਆ ਹੈ ਅਤੇ *ਪੁੱਤਰ* ਨੂੰ ਕੋਈ ਨਹੀਂ ਜਾਣਦਾ ਪਰ ਪਿਤਾ ਅਤੇ ਨਾ ਕੋਈ ਪਿਤਾ ਨੂੰ ਜਾਣਦਾ ਹੈ ਪਰ *ਪੁੱਤਰ* ਅਤੇ ਉਹ ਜਿਸ ਉੱਤੇ *ਪੁੱਤਰ* ਉਹਨੂੰ ਪਰਗਟ ਕਰਨਾ ਚਾਹੇ (ਵੇਖੋ ਮੱਤੀ 27:43; ਯੂਹੰਨਾ 5:25; ਜ਼ੋਰ ਦਿੱਤਾ ਗਿਆ ਹੈ)।

ਇਸ ਸ਼ਬਦ ਨੂੰ ਪਹਿਲਾਂ ਤੋਂ ਹੀ ਮਸੀਹਾ ਦੇ ਰੁਤਬੇ ਦੇ ਰੂਪ ਵਿਚ ਮੰਨਿਆ ਗਿਆ (ਜ਼ਬੂਰ 2:7; ਯੂਹੰਨਾ 1:49)। ਜੀ ਉੱਠਣਾ ਯਿਸੂ ਦੇ ਖ਼ੁਦਾ ਹੋਣ ਦਾ ਆਖ਼ਰੀ ਸਬੂਤ ਬਣ ਗਿਆ (ਕਰਤੱਬ 13:33)। ਰੋਮੀਆਂ 1:4 ਵਿਚ ਸੰਖੇਪ ਵਿਚ ਲਿਖਦਿਆਂ ਪੌਲੁਸ ਨੇ ਲਿਖਿਆ ਕਿ ਯਿਸੂ ''ਪਵਿੱਤਰਤਾਈ ਦੇ ਆਤਮਾ ਦੇ ਸਮਰੱਥਾ ਕਰਕੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਰਬੰਧ ਨਾਲ ਪਰਮੇਸ਼ੁਰ ਦਾ ਪੁੱਤਰ ... ਮਿਥਿਆ ਗਿਆ।''

ਬਦਰੂਹਾਂ ਨੂੰ ''ਭਰਿਸ਼ਟ'' ਕਿਉਂ ਆਖਿਆ ਜਾਂਦਾ ਸੀ? ਵਿਲੀਅਮ ਹੈਂਡ੍ਰਿਕਸਨ ਦਾ ਇਹ ਫ਼ੈਸਲਾ ਸੀ ਕਿ ''ਕਿਉਂਕਿ ਨੈਤਿਕ ਅਤੇ ਆਤਮਿਕ ਤੌਰ ਤੇ ਉਹ ਭਰਿਸ਼ਟ, ਆਪਣੇ ਆਪ ਵਿਚ ਬੁਰੀਆਂ ਹਨ, ਅਤੇ ਕਿਉਂਕਿ ਜਿਨ੍ਹਾਂ ਵਿਚ ਉਹ ਵਾਸ ਕਰਦੀਆਂ ਹਨ ਉਨ੍ਹਾਂ ਨੂੰ ਬੁਰਿਆਈ ਕਰਨ ਲਈ ਆਖਦੀਆਂ ਹਨ।''[10] ਯਿਸੂ ਦੇ **ਉਨ੍ਹਾਂ ਨੂੰ ਵੱਡੀ ਤਗੀਦ** ਕਰਨ ਵਿਚ ਕਿ **ਮੈਨੂੰ ਉਜਾਗਰ ਨਾ ਕਰੋ** ਦੁਹਰਾਅ ਮਿਲਦਾ ਹੈ। ਸ਼ਾਇਦ ਅਜਿਹਾ ਉਸ ਨੇ ਕਈ ਵਾਰ ਕੀਤਾ ਜਦ ਲੱਗਾ ਕਿ ਉਹ ਉਸ ਨੂੰ ਸਜਦਾ ਕਰਨ ਵਾਲੀਆਂ ਹਨ।

## ਬਾਰ੍ਹਾਂ ਨੂੰ ਚੁਣਿਆ ਜਾਣਾ ਅਤੇ ਸ਼ਕਤੀ ਦਿੱਤੇ ਜਾਣਾ (3:13-19)[11]

**13ਫੇਰ ਉਹ ਨੇ ਪਹਾੜ ਉੱਤੇ ਚੜ੍ਹ ਕੇ ਜਿਨ੍ਹਾਂ ਨੂੰ ਉਹ ਆਪ ਚਾਹੁੰਦਾ ਸੀ ਉਨ੍ਹਾਂ ਨੂੰ ਕੋਲ ਸੱਦਿਆ**
**ਅਤੇ ਓਹ ਉਸ ਦੇ ਕੋਲ ਆਏ 14ਅਰ ਉਹ ਨੇ ਬਾਰਾਂ ਪੁਰਸ਼ ਠਹਿਰਾਏ ਜੋ ਉਹ ਦੇ ਨਾਲ ਰਹਿਣ ਅਤੇ**
**ਉਹ ਉਨ੍ਹਾਂ ਨੂੰ ਭੇਜੇ ਭਈ ਪ੍ਰਚਾਰ ਕਰਨ 15ਨਾਲੇ ਭੂਤਾਂ ਦੇ ਕੱਢਣ ਦਾ ਇਖ਼ਤਿਆਰ ਰੱਖਣ 16ਅਤੇ**
**ਸ਼ਮਊਨ ਦਾ ਨਾਉਂ ਉਹ ਨੇ ਪਤਰਸ ਵੀ ਰੱਖਿਆ 17ਅਤੇ ਜ਼ਬਦੀ ਦਾ ਪੁੱਤਰ ਯਾਕੂਬ ਅਰ ਯਾਕੂਬ ਦਾ**
**ਭਰਾ ਯੂਹੰਨਾ ਜਿਨ੍ਹਾਂ ਦੋਹਾਂ ਦਾ ਨਾਉਂ ਉਹ ਨੇ ਬਨੀ ਰੋਗਿਜ਼ ਰੱਖਿਆ ਅਰਥਾਤ ਗਰਜਣ ਦੇ ਪੁੱਤ 18ਅਤੇ**
**ਅੰਦ੍ਰਿਯਾਸ ਅਤੇ ਫ਼ਿਲਿੱਪੁਸ ਅਤੇ ਬਰਥੁਲਮਈ ਅਤੇ ਮੱਤੀ ਅਤੇ ਥੋਮਾ ਅਤੇ ਹਲਫ਼ਾ ਦਾ ਪੁੱਤਰ ਯਾਕੂਬ**
**ਅਤੇ ਥੱਦਈ ਅਤੇ ਸ਼ਮਊਨ ਕਨਾਨੀ 19ਅਤੇ ਯਹੂਦਾ ਇਸਕਰਿਯੋਤੀ ਜਿਹ ਨੇ ਉਸ ਨੂੰ ਫੜਵਾ ਵੀ ਦਿੱਤਾ।**

**ਆਇਤ 13.** ਯਿਸੂ ਦਾ ਅਗਲਾ ਕਦਮ **ਪਹਾੜ ਉੱਤੇ** ਜਾਣਾ ਸੀ। ਲੂਕਾ 6:12 ਦੇ ਮੁਤਾਬਿਕ ਆਪਣੇ ਮਗਰ ਆਉਣ ਲਈ ਰਸੂਲਾਂ ਨੂੰ ਸੱਦਣ ਤੋਂ ਪਹਿਲਾਂ ਉਹਨੇ ਪੂਰੀ ਰਾਤ ਦੁਆ ਕੀਤੀ। ਜੇ ਯਿਸੂ ਲਈ ਹਰ ਵੱਡਾ ਫ਼ੈਸਲਾ ਲੈਣ ਤੋਂ ਪਹਿਲਾਂ ਦੁਆ ਜ਼ਰੂਰੀ ਸੀ, ਤਾਂ ਸਾਡੇ ਲਈ ਇਹ ਹੋਰ ਵੀ ਕਿੰਨੀ ਜ਼ਰੂਰੀ ਹੋਣੀ ਚਾਹੀਦੀ ਹੈ। ਕਿਸੇ ਫ਼ੈਸਲੇ ਤੇ ਪਹੁੰਚਣ ਤੋਂ ਪਹਿਲਾਂ ਖ਼ੁਦਾ ਅਤੇ ਉਹਦੀ ਯੋਜਨਾ ਬਾਰੇ ਸੋਚਣਾ ਸਾਡੇ ਲਈ ਹਮੇਸ਼ਾ ਬੜੇ ਕੰਮ ਦਾ ਹੁੰਦਾ ਹੈ।

**ਆਇਤਾਂ 14, 15.** ਜਦ ਯਿਸੂ ਦੀ ਧਰਤੀ ਉਤਲੀ ਸੇਵਕਾਈ ਖ਼ਤਮ ਹੋ ਗਈ ਤਾਂ ਦੂਜਿਆਂ ਲਈ ਉਸ ਕੰਮ ਨੂੰ ਅੱਗੇ ਤੋਰਨ ਲਈ ਤਿਆਰ ਰਹਿਣਾ ਜ਼ਰੂਰੀ ਸੀ। **ਅਰ ਉਹ ਨੇ ਬਾਰਾਂ ਪੁਰਸ਼ ਠਹਿਰਾਏ ਜੋ ਉਹ ਦੇ ਨਾਲ ਰਹਿਣ ਅਤੇ ਉਹ ਉਨ੍ਹਾਂ ਨੂੰ ਭੇਜੇ ਭਈ ਪ੍ਰਚਾਰ ਕਰਨ 15ਨਾਲੇ ਭੂਤਾਂ ਦੇ**

**ਕੱਢਣ ਦਾ ਇਖ਼ਤਿਆਰ ਰੱਖਣ।** ਸਾਡੇ ਲਈ ਵੀ ਜ਼ਰੂਰੀ ਹੈ ਕਿ ਆਪਣੇ ਬਾਅਦ ਨਿਹਚਾ ਵਿਚ ਚੱਲਣ ਲਈ ਜਵਾਨਾਂ ਨੂੰ ਸਿਖਲਾਈ ਦਈਏ (2 ਤਿਮੋਥਿਉਸ 2:2)। ''ਚੇਲਾ'' ਸ਼ਬਦ (μαθητής, *ਮੈਥੇਟੇਟਸ*) ਦਾ ਅਰਥ ਹੀ ਸਿੱਖਿਆਰਥੀ/ਸ਼ਗਿਰਦ ਵਰਗਾ ਕੁਝ ਹੈ ਜਿਹੜਾ ਕਿਸੇ ਵੱਡੇ ਕੰਮ ਨੂੰ ਕਰਨ ਲਈ ਤਿਆਰ ਹੋ ਰਿਹਾ ਹੁੰਦਾ ਹੈ।

''ਰਸੂਲ'' (ਇਕ ਸ਼ਬਦ ਜਿਸਦੀ ਗੱਲ 6:30 ਵਿਚ ਕੀਤੀ ਜਾਵੇਗੀ) ਆਮ ਤੌਰ ਤੇ ਘੱਲਣ ਵਾਲੇ ਦੇ ''ਇਖ਼ਤਿਆਰ'' (ἐξουσία, *ਐਕਸੋਸਿਆ*) ਨਾਲ ''ਚੁਣੇ ਗਏ'' (ποιέω, *ਪੋਇਓ*) ਅਤੇ ਕਿਸੇ ਮਿਸ਼ਨ ਤੇ ਘੱਲੇ ਗਏ ਨੂੰ ਕਿਹਾ ਜਾਂਦਾ ਸੀ। ਫ਼ਰੀਸੀਆਂ (ਮੂਲ ਵਿਚ, ''ਅੱਡ ਕੀਤੇ ਹੋਏ'') ਦੇ ਉਲਟ ਯਿਸੂ ਦੇ ਚੇਲਿਆਂ ਨੇ ਰਹਿਣ ਸਹਿਣ ਵਿਚ ਲੋਕਾਂ ਨਾਲ ਘੁਲ ਮਿਲ ਜਾਣਾ ਸੀ। ਉਨ੍ਹਾਂ ਦਾ ਕੰਮ ਪ੍ਰਚਾਰ ਕਰਨਾ ਅਤੇ ਬਦਰੂਹਾਂ ਉੱਤੇ ਖ਼ੁਦਾ ਦੇ ਇਖ਼ਤਿਆਰ ਨੂੰ ਵਿਖਾਉਣਾ ਸੀ। ਮੱਤੀ 10:8 ਇਸ ਵਿਚ ਜੋੜਦੇ ਹੋਏ ਆਖਦਾ ਹੈ ਕਿ ਉਨ੍ਹਾਂ ਨੇ ਬਿਮਾਰਾਂ ਨੂੰ ਚੰਗਿਆ ਕਰਨਾ, ਕੋੜ੍ਹੀਆਂ ਨੂੰ ਸ਼ੁੱਧ ਕਰਨਾ ਅਤੇ ਇੱਥੋਂ ਤਕ ਕਿ ਮੁਰਦਿਆਂ ਨੂੰ ਜ਼ਿੰਦਾ ਕਰਨਾ ਸੀ। ਉਨ੍ਹਾਂ ਨੇ ਮਸੀਹ ਦੇ ਇਖ਼ਤਿਆਰ ਨਾਲ ਹੀ ਇਹ ਕੀਤਾ (ਮੱਤੀ 10:40 ਵੇਖੋ)। ਉਨ੍ਹਾਂ ਦਾ ਕੰਮ ਉਹੀ ਸੀ ਜਿਹੜਾ ਯਿਸੂ ਦਾ ਸੀ, ਭਾਵ ਪ੍ਰਚਾਰ ਕਰਨਾ ਅਤੇ ''ਸ਼ਤਾਨ ਦੇ ਕੰਮਾਂ ਨੂੰ ਨਸ਼ਟ'' ਕਰਨਾ (1 ਯੂਹੰਨਾ 3:8)।

ਜਿਹੜਾ ਵੀ ਕੋਈ ਪਾਪ ਕਰਦਾ ਹੈ ਉਹ ਸ਼ਤਾਨ ਦੀ ਤਰਫ਼ ਹੈ, ਕਿਉਂ ਜੋ ਸ਼ਤਾਨ ਮੁੱਢ ਤੋਂ ਹੀ ਪਾਪ ਕਰਦਾ ਰਿਹਾ ਹੈ। ਖ਼ੁਦਾ ਦੇ ਪੁੱਤਰ ਦੇ ਪਰਗਟ ਹੋਣ ਦਾ ਕਾਰਣ ਸ਼ਤਾਨ ਦੇ ਕੰਮਾਂ ਨੂੰ ਬਰਬਾਦ ਕਰਨਾ ਸੀ। ਸਾਨੂੰ ਲਗ ਸਕਦਾ ਹੈ ਕਿ ਇਹ ਕੰਮ ਬੜਾ ਹੌਲੀ ਹੌਲੀ ਹੋ ਰਿਹਾ ਹੈ, ਪਰ ਹੋ ਤਾਂ ਰਿਹਾ ਹੈ। ਖ਼ੁਦਾ ਨੇ ਆਪਣੀ ਸਚਿਆਈ ਦੀ ਤਸਦੀਕ ਲਈ ਯਿਸੂ ਅਤੇ ਉਸ ਦੇ ਰਸੂਲਾਂ ਨੂੰ ਆਪਣੀ ਤਾਕਤ ਵਿਖਾਉਣ ਦਿੱਤੀ ਅਤੇ ਸਾਡੇ ਲਈ ਇਨ੍ਹਾਂ ਕੰਮਾਂ ਨੂੰ ਲਿਖ ਦਿੱਤਾ ਗਿਆ ਹੈ ਤਾਂ ਜੋ ਸਾਨੂੰ ਵਿਸ਼ਵਾਸ ਹੋ ਜਾਵੇ ''ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫ਼ਲ–ਦਾਤਾ ਹੈ'' (ਇਬਰਾਨੀਆਂ 11:6)। ਬੇਸ਼ੱਕ ਆਖ਼ਰੀ ਪ੍ਰਦਰਸ਼ਨ ਸਾਡੇ ਆਖ਼ਰੀ ਦੁਸ਼ਮਣ (ਮੌਤ) ਦੀ ਹਾਰ ਹੋਵੇਗੀ। ਇਹ ਜੀ ਉੱਠਣ ਦੇ ਵੇਲੇ ਹੋਵੇਗਾ ਜਦੋਂ ਯਿਸੂ ਸਭ ਮੁਰਦਿਆਂ ਨੂੰ ਜ਼ਿੰਦਾ ਕਰ ਦਵੇਗਾ (ਵੇਖੋ 1 ਕੁਰਿੰਥੀਆਂ 15:25, 26)।

**ਆਇਤਾਂ 16-19.** ਯਿਸੂ ਨੇ **ਬਾਰਾਂ ਪੁਰਸ਼ ਠਹਿਰਾਏ।** ''ਬਾਰਾਂ'' ਦੇ ਅੰਕ ਦਾ ਇਸਰਾਏਲੀਆਂ ਲਈ ਬੜਾ ਮਹੱਤਵ ਹੈ, ਜੋ ਕਿ ਅਬਰਾਹਾਮ ਦੀ ਸੰਤਾਨ ਦੀਆਂ ਬਾਰਾਂ ਗੋਤਾਂ ਨਾਲ ਸਬੰਧਿਤ ਹੈ। ਪ੍ਰਾਚੀਨ ਕਾਲ ਤੋਂ ਇਸਰਾਏਲ ਨੇ ''ਪਰਮੇਸ਼ੁਰ ਦਾ (ਨਵਾਂ) ਇਸਰਾਏਲ'' ਭਾਵ ਕਲੀਸੀਆ ਹੋਣਾ ਸੀ (ਗਲਾਤੀਆਂ 6:16)। ਪੁਰਾਣੇ ਨੇਮ ਵਿਚ ਬਹੁਤ ਸਾਰੇ ''ਬਾਰਾਂ'' ਮਿਲਦੇ ਹਨ, ਜਿਵੇਂ ''ਮੇਜ਼ ਦੀਆਂ ਬਾਰਾਂ ਰੋਟੀਆਂ'' (ਲੇਵੀਆਂ 24:5, 6); ਸੀਨੈ ਪਹਾੜ ਦੀ ਵੇਦੀ ਨਾਲ ਬਾਰਾਂ ਖੰਭੇ (ਕੂਚ 24:4); ਏਲੀਆਹ ਵੱਲੋਂ ਬਣਾਈ ਗਈ ਬਾਰਾਂ ਪੱਥਰਾਂ ਵਾਲੀ ਜਗਵੇਦੀ (1 ਰਾਜਿਆਂ 18:31, 32)। ਨਵੇਂ ਯਰੂਸ਼ਲਮ ਦੀਆਂ ਬਾਰਾਂ ਨੀਂਹਾਂ (ਪਰਕਾਸ਼ 21:14) ਅਤੇ ਬਾਰਾਂ ਫਾਟਕ (ਪਰਕਾਸ਼ 21:12) ''ਇਸਰਾਏਲੀਆਂ ਦੀਆਂ ਬਾਰਾਂ ਗੋਤਾਂ'' ਲਈ ਬਾਰਾਂ ਫ਼ਰਿਸ਼ਤੇ ਸਨ। ਇਹ ਫਾਟਕ ਬਾਰਾਂ ਮੋਤੀ ਹਨ (ਪਰਕਾਸ਼ 21:21)। ਸੁਰਗੀ ਨਗਰ ਵਿਚ ਬਾਰਾਂ ਕਿਸਮਾਂ ਦੇ ਫਲ ਦੇਣ ਵਾਲਾ ਜ਼ਿੰਦਗੀ ਦਾ ਰੁੱਖ ਵੀ ਹੈ (ਪਰਕਾਸ਼ 22:2)। ਇਹ ਪ੍ਰਤੀਕ ਯਾਕੂਬ ਦੇ ਬਾਰਾਂ ਪੁੱਤਰਾਂ ਤੋਂ ਲਿਆ ਗਿਆ ਹੋ ਸਕਦਾ ਹੈ ਜਿਨ੍ਹਾਂ ਨਾਲ ਸੰਪੂਰਣ (ਜਾ ਪੂਰੀ) ਕੌਮ ਬਣਦੀ ਹੈ।[12] ਨਵੇਂ ਨੇਮ ਵਿਚ ''ਬਾਰਾਂ'' ਪਚਵੰਜਾ ਵਾਰ ਆਇਆ ਹੈ, ਜਿਸ ਵਿੱਚੋਂ ਜ਼ਿਆਦਾਤਰ ਰਸੂਲਾਂ ਲਈ ਅਤੇ ਉਨ੍ਹਾਂ ਗੋਤਰਾਂ ਜਾਂ ਫਾਟਕਾਂ ਵੱਲ ਇਸ਼ਾਰਾ ਕਰਦੇ ਹਨ ਜਿਨ੍ਹਾਂ ਦੀ ਹੁਣੇ ਹੁਣੇ ਗੱਲ ਹੋਈ ਹੈ।

ਮਰਕੁਸ ਦੇ ਰਸੂਲਾਂ ਦੇ ਨਾਂਅ ਦੇਣ ਲਈ ਯਿਸੂ ਵੱਲੋਂ ਆਪਣੇ ਨਜ਼ਦੀਕੀ ਚੇਲਿਆਂ ਨੂੰ ਦਿੱਤੇ ਗਏ ਪਿਆਰੇ ਅਰਾਮੀ ਉਪਨਾਂਅ ਲਗਦੇ ਹਨ। **ਸ਼ਮਊਨ** (ਇਬਰਾਨੀ ਨਾਂਅ) ਉਸ ਦੀ ਸਥਾਨਕ ਭਾਸ਼ਾ ਵਿਚ **ਪਤਰਸ** ਨਹੀਂ ਹੈ ਬਲਕਿ ਇਹ ''ਕੈਫ਼ਾ'' ਹੈ; ਉਸ ਨਾਂਅ ਅਤੇ *ਪੈਟ੍ਰੋਸ* (ਯੂਨਾਨੀ ਵਿਚ) ਦੋਹਾਂ ਦਾ ਅਰਥ

ਚੱਟਾਨ ਹੈ। ਗਰਮ ਮਿਜਾਜ਼ ਵਾਲੇ **ਯਾਕੂਬ** ਅਤੇ **ਯੂਹੰਨਾ ਬਨੀ ਰੋਗਿਜ਼ ਅਰਥਾਤ ਗਰਜਣ ਦੇ ਪੁੱਤਰ** ਸਨ।

**ਸ਼ਮਊਨ ਕਨਾਨੀ** (ਮੱਤੀ 10:4; ਮਰਕੁਸ 3:18; KJV) ਦਾ ਬਿਹਤਰ ਅਨੁਵਾਦ ''ਸ਼ਮਊਨ ਜ਼ੇਲੋਤੇਸੀ ਹੈ,'' ਜਿਵੇਂ ਕਿ NASB ਵਿਚ ਦਿੱਤਾ ਗਿਆ ਹੈ, ਕਿਉਂ ਜੋ ਇਹ ਨਾਂਅ ''ਕਨਾਨੀਅਨ'' (Καναναῖος, *ਕਨਾਨੇਓਸ*) ਤੋਂ ਲਿਆ ਗਿਆ ਹੈ, ਜਿਸਦਾ ਅਰਥ ''ਜੋਸ਼ੀਲਾ'' ਹੈ। ਇਹ ਜਾਂ ਤਾਂ ਕਿਸੇ ਸਿਆਸੀ ਦਲ ਦਾ ਨਾਂਅ ਸੀ ਜਿਸ ਵਿਚ ਸ਼ਮਊਨ ਸਰਗਰਮ ਸੀ ਜਾਂ ਕਨਾਨੀ ਲੋਕਾਂ ਲਈ ਜਿਨ੍ਹਾਂ ਵਿੱਚੋਂ ਉਹ ਹੋਵੇਗਾ, ਉਹਦੇ ਜੋਸ਼ ਦਾ ਸੁਝਾਅ ਦਿੰਦਾ ਉਪਨਾਂਅ ਹੋਵੇਗਾ। ਜੇ ਉਹ ਕਿਸੇ ਕਨਾਨੀ ਵਿਸ਼ਵਾਸ ਤੋਂ ਯਹੂਦੀ ਵਿਸ਼ਵਾਸ ਵਿਚ ਆਇਆ ਹੋਵੇਗਾ ਤਾਂ ਰਸੂਲਾਂ ਵਿਚ ਗਿਆਰਾਂ ਯਹੂਦੀਆਂ ਦੇ ਨਾਲ ਉਹ ਵੱਖਰਾ ਲਗਦਾ ਹੋਵੇਗਾ। ਸ਼ਾਇਦ ਯਿਸੂ ਨੇ ਇਨ੍ਹਾਂ ਸਾਰਿਆਂ ਨੂੰ ਉਵੇਂ ਹੀ ਉਪਨਾਂਅ ਦਿੱਤੇ, ਜਿਵੇਂ ''ਪਤਰਸ'' ਨੂੰ। ਜੋ ਵੀ ਹੋਵੇ ਇਨ੍ਹਾਂ ਉਪਨਾਂਵਾਂ ਤੋਂ ਇਹ ਪਤਾ ਲਗਦਾ ਹੈ ਕਿ ਉਸ ਨੇ ਆਪਣੇ ਨੁਮਾਇੰਦੇ ਬਣਨ ਲਈ ਤਰ੍ਹਾਂ ਤਰ੍ਹਾਂ ਦੇ ਕਿਰਦਾਰਾਂ ਨੂੰ ਇਕੱਠਿਆਂ ਕੀਤਾ।

ਮੁੱਢਲੇ ਵਿਸ਼ਵਾਸੀਆਂ ਲਈ ਇਹ ਵਨਸਵੱਨਤਾ ਆਪਣੇ ਆਪ ਵਿਚ ਇਕ ਪਰੀਖਿਆ ਜਾਂ ਰੁਕਾਵਟ ਰਹੀ ਹੋਵੇਗੀ, ਜਿਹੜੇ ਪੁੱਛਦੇ ਹੋਣਗੇ, ''ਉਹ ਐਨੇ ਵੱਖੋ-ਵੱਖ ਲੋਕਾਂ ਦੇ ਇਕੱਠ ਨੂੰ ਇਵੇਂ ਕਿਵੇਂ ਬਰਦਾਸ਼ਤ ਕਰ ਸਕਦਾ ਹੈ, ਜਿਵੇਂ ਕਿ ਉਹ ਉਹੀ ਹੋਵੇ?'' ਵਿਸ਼ਵਾਸ ਦੀ ਅਜਿਹੀ ਪਰਖ ਨਾਲ ਉਸ ਨੇ ਸਿਰਫ਼ ਉਨ੍ਹਾਂ ਨੂੰ ਹੀ ਖਿੱਚਿਆ ਹੋਵੇਗਾ ਜਿਹੜੇ ਆਪਣੇ ਤੋਂ ਫ਼ਰਕ ਦੂਜਿਆਂ ਨੂੰ ਕਬੂਲ ਕਰਨਾ ਸਿੱਖ ਕੇ ਉਹਦੀਆਂ ਸਿੱਖਿਆਵਾਂ ਨੂੰ ਮੰਨਣ ਲਈ ਸਮਰਪਿਤ ਸਨ। ਜੇ ਯਿਸੂ ਇਸ ਜਮਾਤ ਵਿੱਚੋਂ ਕੁਝ ਵੱਡਾ ਕਰ ਸਕਦਾ ਸੀ ਤਾਂ ਯਕੀਨਨ ਉਹ ਸਾਡੇ ਲਈ ਵੀ ਅਜਿਹਾ ਹੀ ਕਰ ਸਕਦਾ ਹੈ!

ਆਇਤ 18 ਵਿਚ **ਅੰਦ੍ਰਿਯਾਸ ਅਤੇ ਫ਼ਿਲਿੱਪੁਸ ਅਤੇ ਬਰਥੁਲਮਈ ਅਤੇ ਮੱਤੀ ਅਤੇ ਥੋਮਾ ਅਤੇ ਹਲਫ਼ਾ ਦਾ ਪੁੱਤਰ ਯਾਕੂਬ ਅਤੇ ਥੱਦਈ** ਦੇ ਵੀ ਨਾਂਅ ਹਨ। ਰਸੂਲਾਂ ਦੇ ਨਾਂਵਾਂ ਦੀਆਂ ਲਿਸਟਾਂ ਵਿਚ **ਯਹੂਦਾ** ਹਰ ਥਾਂ ਅਖ਼ੀਰ ਵਿਚ ਹੀ ਆਉਂਦਾ ਹੈ ਅਤੇ ਹਰ ਵਾਰੀ ਸਾਨੂੰ ਇਹ ਯਾਦ ਦੁਆਇਆ ਜਾਂਦਾ ਹੈ ਕਿ ਇਹ ਉਹੀ ਸੀ **ਜਿਹ ਨੇ ਉਸ ਨੂੰ ਫੜਵਾ ਵੀ ਦਿੱਤਾ।** ਯਿਸੂ ਨੇ ਇਕ ਵਾਰ ਉਸ ਨੂੰ ''ਸ਼ਤਾਨ'' ਆਖਿਆ (ਯੂਹੰਨਾ 6:70, 71)। ਸ਼ਾਇਦ ਪਹਿਲਾਂ ਪਹਿਲਾਂ ਉਹ ਦੂਜੇ ਰਸੂਲਾਂ ਵਾਂਗ ਹੀ ਸਹੀ ਹੋਵੇ, ਪਰ ਇਹ ਵੇਖ ਕੇ ਕਿ ਇਸ ਜਮਾਤ ਦੀ ਚੰਦੇ ਵਾਲੀ ਥੈਲੀ ਗ਼ਰੀਬਾਂ ਦੇ ਹੱਥਾਂ ਵਿਚ ਜਾ ਰਹੀ ਹੈ, ਉਹਦਾ ਲਾਲਚ ਵਧਦਾ ਗਿਆ ਹੋਵੇਗਾ ਅਤੇ ਇਹ ਉਹਦੇ ਪ੍ਰਧਾਨ ਯਾਜਕਾਂ ਨਾਲ ਸੌਦੇਬਾਜ਼ੀ ਕਰਨ ਦੀ ਵੱਡੀ ਅਜ਼ਮਾਇਸ਼ ਵਿਚ ਪੈਣ ਦਾ ਇਕ ਕਾਰਣ ਹੋਵੇਗਾ (ਮੱਤੀ 26:14, 15; ਮਰਕੁਸ 14:10; ਲੂਕਾ 22:4)। ਫਿਰ ਵੀ ਸੀਮਿਤ ਆਗਿਆ (ਲਿਮਿਟਿਡ ਕਮੀਸ਼ਨ) ਦੌਰਾਨ ਉਹ ਗਿਆ ਅਤੇ ਬਾਕੀ ਦੇ ਰਸੂਲਾਂ ਵਾਂਗ ਹੀ ਉਸ ਨੇ ਵੀ ਮੋਅਜਜ਼ੇ ਕੀਤੇ (ਮੱਤੀ 10:1)।

## ਧਿਆਨ ਦਿੱਤੇ ਜਾਣ ਯੋਗ ਗੈਰਹਾਜ਼ਰੀ (3:19 ਅਤੇ 3:20 ਦੇ ਵਿਚਕਾਰ)

ਇਸ ਵਿਰਤਾਂਤ ਵਿੱਚੋਂ ਯਿਸੂ ਦਾ ਪਹਾੜੀ ਉਪਦੇਸ਼ ਸਾਫ਼ ਤੌਰ ਤੇ ਗਾਇਬ ਹੈ (ਵੇਖੋ ਮੱਤੀ 5-7) । ਇੰਜੀਲ ਦੇ ਵਿਰਤਾਂਤਾਂ ਦੀ ਤੁਲਨਾ ਕਰਨ ਤੇ ਪਤਾ ਲਗਦਾ ਹੈ ਕਿ ਉਸ ਨੇ ਉਹ ਉਪਦੇਸ਼ ਮਰਕੁਸ 3:19 ਅਤੇ 3:20 ਵਿਚਕਾਰ ਦੇ ਸਮੇਂ ਦਿੱਤਾ।

## ''ਉਹ ਆਪਣੇ ਆਪ ਤੋਂ ਬਾਹਰ ਹੋ ਗਿਆ ਹੈ'' (3:20, 21)

**20ਉਹ ਘਰ ਆਇਆ ਅਰ ਫਿਰ ਐੱਨੀ ਭੀੜ ਇਕੱਠੀ ਹੋਈ ਜੋ ਓਹ ਰੋਟੀ ਵੀ ਨਾ ਖਾ ਸਕੇ**

**[21]ਜਾਂ ਉਹ ਦੇ ਸਾਕਾਂ ਨੇ ਇਹ ਸੁਣਿਆ ਤਾਂ ਓਹ ਉਸ ਦੇ ਫੜ੍ਹਨ ਨੂੰ ਨਿੱਕਲੇ ਕਿਉਂ ਜੋ ਉਨ੍ਹਾਂ ਆਖਿਆ, ਉਹ ਆਪਣੇ ਆਪ ਤੋਂ ਬਾਹਰ ਹੋ ਗਿਆ !**

**ਆਇਤਾਂ 20, 21.** ਇਹ ਆਇਤਾਂ ਸਿਰਫ਼ **ਘਰ** ਵਿਚ **ਉਹਦੇ ਸਾਕਾਂ** ਦੀ ਗੱਲ ਕਰਦੀਆਂ ਹਨ, ਕਿ ਇਹਦਾ ਮਤਲਬ ਸਿਰਫ਼ ਯਿਸੂ ਦਾ ਪਰਿਵਾਰ ਹੈ ਜਾਂ ਇਸ ਵਿਚ ਉਸ ਦੇ ਦੋਸਤ ਅਤੇ ਪਿੰਡ ਦੇ ਲੋਕ ਵੀ ਸ਼ਾਮਿਲ ਸਨ। NIV ਇਹ ਮੰਨਣ ਵਿਚ ਬਹੁਤ ਅੱਗੇ ਨਿੱਕਲ ਜਾਂਦਾ ਹੈ ਕਿ ਇਹ ਉਸ ਦਾ ''ਪਰਿਵਾਰ'' ਸੀ। ਇਸ ਵਾਕ ਅੰਸ਼ ਦਾ ਜੋ ਕਿ ਅਸਲ ਵਿਚ ਅਸਪੱਸ਼ਟ ਹੈ, ਹੋਰ ਅਰਥ ਹੈ, ''ਉਹਦੇ ਆਪਣੇ ਲੋਕਾਂ ਵਿਚ।''[13]

ਜਿਹੜੇ ਲੋਕ ਇਹ ਮੰਨਦੇ ਸਨ ਕਿ ਇਹ ਲੋਕ ਉਸ ਦਾ ਪਰਿਵਾਰ ਸਨ, ਉਹ 3:21 ਨੂੰ 3:31 ਨਾਲ ਜੋੜਦੇ ਹਨ, ਜਿੱਥੇ ''ਉਹਦੀ ਮਾਤਾ ਅਰ ਉਹਦੇ ਭਰਾ'' ਲਿਖਿਆ ਹੈ; ਪਰ ਇਨ੍ਹਾਂ ਦੋਹਾਂ ਭਾਗਾਂ ਵਿਚ ਫ਼ਾਸਲਾ ਬਿਲਕੁਲ ਉਲਟ ਅਰਥ ਦੇਣ ਵਾਲਾ ਹੋ ਸਕਦਾ ਹੈ। 3:20, 21 ਅਤੇ 3:31–35 ਵਿਚ ਦੋਹਾਂ ਵਿਰਤਾਂਤਾਂ ਨੂੰ ਅੱਡ ਕੀਤਾ ਗਿਆ ਹੈ ਪਰ ਇਕੱਠੇ ਜੋੜ ਦਿੱਤਾ ਗਿਆ ਹੈ। ਦੂਜੇ ਪੈਰ੍ਹੇ ਵਿਚ ਯਿਸੂ ਦੀ ਮਾਤਾ ਅਤੇ ਭਰਾ ਬਾਹਰ ਸਨ, ਜੋ ਕਿ ਸਾਫ਼ ਤੌਰ ਤੇ ਉਸ ਨੂੰ ਘਰ ਲਿਜਾਣਾ ਚਾਹ ਰਹੇ ਸਨ। ਉਨ੍ਹਾਂ ਨੂੰ ਡਰ ਹੋਵੇਗਾ ਕਿ ਉਹ ਕਿਤੇ ਇਸੇ ਰਸਤੇ ਨਾ ਚੱਲ ਪਏ; ਅਤੇ ਉਹ ਸਹੀ ਸਨ! ਲੋਕ ਉਹਦੇ ਮਗਰ ਓਸੇ ਘਰ ਤਕ ਆ ਗਏ ਜਿੱਥੇ ਉਹ ਕੁਝ ਅਰਾਮ ਕਰਨ ਦੇ ਇਰਾਦੇ ਨਾਲ ਗਿਆ ਸੀ। ਮਰਕੁਸ 3:31 ਜਿੱਥੇ ਇਹ ਸੰਕੇਤ ਦਿੱਤਾ ਹੈ ਕਿ ਉਹਦੇ ਘਰ ਦੇ ਲੋਕ ''ਬਾਹਰ'' ਉਡੀਕ ਕਰ ਰਹੇ ਸਨ, ਉੱਥੇ ਹੀ ਲੂਕਾ 8:19 ਦੱਸਦਾ ਹੈ ਕਿ ਉਹ ਭੀੜ ਦੇ ਕਾਰਣ ਉਹਦੇ ਤਕ ਅੱਪੜ ਨਹੀਂ ਸਕੇ।

ਇਸ ਸੰਦਰਭ ਵਿਚ ਯਿਸੂ ਦੇ ''ਸਾਕ'' ਉਹਦੇ ਆਪਣੇ ਦੋਸਤ (ASV; KJV; MSG; YLT) ਜਾਂ ਆਮ ਲੋਕ ਹੋ ਸਕਦੇ ਹਨ ਜਿਨ੍ਹਾਂ ਨੇ ਉਹਨੂੰ ਵੱਡਾ ਹੁੰਦਿਆਂ ਵੇਖਿਆ ਸੀ। ਇਹ ਆਮ ਲੋਕ ਉਹਦੀਆਂ ਗੱਲਾਂ ਤੋਂ ਅਤੇ ਉਹਦੇ ਕੰਮਾਂ ਤੋਂ ਦੰਗ ਸਨ ਅਤੇ ਉਹਦੇ ਲਈ ਆਪਣੀ ਸੇਵਕਾਈ ਐਨੀ ਅਹਿਮ ਸੀ ਕਿ ਉਹਨੂੰ ਅਤੇ ਉਹਦੇ ਰਸੂਲਾਂ ਨੂੰ ਐਨਾ ਟਾਈਮ ਵੀ ਨਹੀਂ ਮਿਲਦਾ ਸੀ ਕਿ **ਰੋਟੀ ਵੀ ਖਾ ਸਕੇ।** ਜੇ ਅਸੀਂ ਐਨੇ ਮਸਰੂਫ਼ ਰਹੇ ਹੋਈਏ ਕਿ ਸਾਨੂੰ ਖਾਣਾ ਖਾਣਾ ਦਾ ਸਮਾਂ ਵੀ ਨਾ ਮਿਲੇ ਤਾਂ ਸਾਨੂੰ ਚਾਹੁਣ ਵਾਲੇ ਲੋਕ ਇਹੀ ਸੋਚਣ ਲਗ ਪੈਣਗੇ ਕਿ ਸਾਡਾ ਦਿਮਾਗ ਟਿਕਾਣੇ ਨਹੀਂ ਹੈ।

''ਉਹਦੇ ਸਾਕ'' ਉਹੀ ਸਨ ਜਿਨ੍ਹਾਂ ਨੇ ਇਲਜ਼ਾਮ ਲਾਇਆ ਸੀ ਕਿ **ਉਹ ਆਪਣੇ ਆਪ ਤੋਂ ਬਾਹਰ ਹੋ ਗਿਆ** (''ਹੋਸ਼ ਵਿਚ ਨਹੀਂ''; NIV; NKJV)। ਯੂਨਾਨੀ ਵਾਕ ਅੰਸ਼ (ἐξίστημι, *ਐਗਜ਼ਿਸਟੇਮੀ*) ਦਾ ਮੂਲ ਅਰਥ ਹੈ, ''ਉਹਦੀ ਅਕਲ ਟਿਕਾਣੇ ਨਹੀਂ'' ਜਾਂ ''ਉਹਦਾ ਦਿਮਾਗ ਖ਼ਰਾਬ ਹੋ ਗਿਆ ਹੈ।'' ਸਾਫ਼ ਤੌਰ ਤੇ ਕੁਝ ਲੋਕ ਆਖ ਰਹੇ ਸਨ, ''ਉਹ ਆਪੇ ਤੋਂ ਬਾਹਰ ਹੋ ਗਿਆ ਹੈ'' (KJV)। ਬਾਅਦ ਵਿਚ ਫ਼ੇਸਤੁਸ ਨੇ ਪੌਲੁਸ ਉੱਤੇ ''ਕਮਲਾ'' ਹੋਣ ਦਾ ਇਲਜ਼ਾਮ ਲਾਇਆ ਸੀ (ਕਰਤੱਬ 26:24); ਜੋ ਕਿ ਇਹ ਸੰਕੇਤ ਦਿੰਦਾ ਹੈ ਕਿ ਯਿਸੂ ਦੇ ਬਾਕੀ ਦੇ ਚੇਲੇ ਵੀ ਇਹੋ ਜਿਹੇ ਹੀ ਸਨ। ਮਾਰਟਿਨ ਲੂਥਰ (1483–1546) ਨੇ ਜਦ ਬਾਈਬਲ ਦੀ ਸਚਿਆਈ ਨੂੰ ਕੈਥਲਿਕ ਚਰਚ ਦੀਆਂ ਰਵਾਇਤਾਂ ਨਾਲੋਂ ਵੱਧ ਅਹਿਮ ਮੰਨਦੇ ਹੋਏ ਇਹਦਾ ਬਚਾਅ ਕੀਤਾ, ਤਾਂ ਬਹੁਤ ਸਾਰੇ ਲੋਕਾਂ ਨੂੰ ਇਹੀ ਲੱਗਾ ਸੀ ਕਿ ਉਹ ਪਾਗਲ ਹੈ। ਯਿਸੂ ਦੇ ਮਗਰ ਚੱਲਦੇ ਰਹਿਣ ਵਾਲੇ ਸਮਝਦਾਰ ਵਿਚਾਰ ਕਰਨ ਵਾਲਿਆਂ ਨੂੰ ਉਸ ਦੇ ਪਰਮੇਸ਼ੁਰ ਹੋਣ ਅਤੇ ਉਹਦੀ ਮਹਾਨਤਾ ਦੀ ਸਮਝ ਆ ਗਈ।

ਯਿਸੂ ਦੇ ਭਰਾਵਾਂ ਨੂੰ ਸ਼ੁਰੂ ਸ਼ੁਰੂ ਵਿਚ ਯਕੀਨ ਨਹੀਂ ਸੀ, ਪਰ ਇਸ ਤੋਂ ਕੁਝ ਸਾਬਿਤ ਨਹੀਂ ਹੁੰਦਾ। ਉਨ੍ਹਾਂ ਦੀ ਬੇਯਕੀਨੀ (ਵੇਖੋ ਯੂਹੰਨਾ 7:5) ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਉਹਦਾ ਦਿਮਾਗੀ ਸੰਤੁਲਨ ਵਿਗੜਿਆ ਹੋਇਆ ਹੈ। 3:31–35 ਵਿਚ ਉਹ ਉਸ ਨੂੰ ਕੁਝ ਦੇਰ ਅਰਾਮ ਕਰਨ ਅਤੇ ਉਸ ਨੂੰ ਅਤੇ ਉਸ ਦੇ ਚੇਲਿਆਂ ਨੂੰ ਉਨ੍ਹਾਂ ਉੱਤੇ ਹੋਣ ਵਾਲੇ ਹਮਲਿਆਂ ਤੋਂ

ਬਚਾਉਣ ਲਈ ਘਰ ਲਿਜਾ ਕੇ ਓਹਦੀ ਹਿਫ਼ਾਜ਼ਤ ਕਰਨ ਦੀ ਕੋਸ਼ਿਸ਼ ਕਰ ਰਹੇ ਹੋਣਗੇ। ਭੀੜ ਵਧਣ ਤੋਂ ਇਲਾਵਾ, ਸਾਰਿਆਂ ਨੂੰ ਪਤਾ ਲਗਦਾ ਜਾ ਰਿਹਾ ਸੀ ਕਿ ਪ੍ਰਧਾਨ ਯਾਜਕ ਅਤੇ ਮਹਾਸਭਾ ਯਿਸੂ ਨੂੰ ਰਾਹ ਵਿੱਚੋਂ ਹਟਾਉਣਾ ਚਾਹ ਰਹੇ ਸਨ।

ਯਿਸੂ ਦੇ ਭਰਾਵਾਂ ਦੇ ਨਾਲ–ਨਾਲ ਜੇ ਉਹਦੇ ਪਿੰਡ ਦੇ ਲੋਕਾਂ ਨੂੰ ਵੀ ਇਹ ਲਗਦਾ ਸੀ ਕਿ ਉਹਦਾ ਦਿਮਾਗ ਖ਼ਰਾਬ ਹੈ, ਤਾਂ ਯਕੀਨਨ ਉਹਦੀ ਮਾਂ ਨੂੰ ਅਜਿਹਾ ਨਹੀਂ ਲਗਦਾ ਹੋਵੇਗਾ। ਕਿਉਂ ਜੋ ਉਹਦੇ ਜਨਮ ਤੋਂ ਪਹਿਲਾਂ ਮਰੀਅਮ ਨੂੰ ਉਸ ਦੀ ਸਮਰੱਥਾ ਅਤੇ ਸੁਭਾਅ ਦੀ ਕੁਝ ਕੁਝ ਸਮਝ ਹੈ ਸੀ; ਨਹੀਂ ਤਾਂ ਉਹ ਕਾਨਾ ਵਿਚ ਮੈ ਦੇ ਘਟ ਜਾਣ ਦੀ ਮੁਸ਼ਕਿਲ ਦਾ ਹੱਲ ਕਰਨ ਲਈ ਉਨ੍ਹਾਂ ਨੂੰ ਉਸ ਨੂੰ ਕਹਿਣ ਲਈ ਨਾ ਆਖਦੀ (ਯੂਹੰਨਾ 2)। ਉਸ ਮੌਕੇ ਤੇ ਉਸ ਨੇ ਆਪਣੀ ਮਾਂ ਦੀ ਗੱਲ ਮੰਨ ਲਈ ਸੀ, ਭਾਵੇਂ ਆਮ ਲੋਕਾਂ ਦੇ ਵੇਖਣ ਲਈ ਮੋਅਜਜ਼ੇ ਕਰਨ ਦਾ ਉਹਦਾ ''ਸਮਾਂ'' ਅਜੇ ਨਹੀਂ ਆਇਆ ਸੀ (ਯੂਹੰਨਾ 2:4)। ਸਿਆਣੀ ਮਾਂ ਹੋਣ ਦੇ ਨਾਤੇ ਮਰੀਅਮ ਨੇ ਇਹ ਸਭ ਗੱਲਾਂ ''ਆਪਣੇ ਹਿਰਦੇ ਵਿਚ'' ਰੱਖੀ (ਲੂਕਾ 2:19, 51) ਅਤੇ ਆਪਣੇ ਦੂਜੇ ਬੱਚਿਆਂ ਨੂੰ ਇਹ ਨਹੀਂ ਦੱਸਿਆ ਕਿ ਉਨ੍ਹਾਂ ਦਾ ਸਭ ਤੋਂ ਵੱਡਾ ਭਰਾ ਖ਼ੁਦਾ ਦਾ ਘੱਲਿਆ ਹੋਇਆ ਸੀ।

ਜਦ ਯਿਸੂ ਨੇ ਆਖਿਆ ਕਿ ''ਮਨੁੱਖ ਦੇ ਵੈਰੀ ਉਹਦੇ ਘਰ ਦੇ ਹੀ ਹੋਣਗੇ'' (ਮੱਤੀ 10:36), ਤਾਂ ਉਹ ਆਪਣੇ ਤਜਰਬੇ ਤੋਂ ਬੋਲ ਰਿਹਾ ਸੀ। ਮਰਕੁਸ ਨੇ ਬਾਅਦ ਵਿਚ ਵਿਖਾਇਆ (3:31–35) ਕਿ ਯਿਸੂ ਦੇ ਚੇਲਿਆਂ ਦਾ ਉਹਦੇ ਨਾਲ ਰੂਹਾਨੀ ਰਿਸ਼ਤਾ ਉਹਦੇ ਆਪਣੇ ਪਰਿਵਾਰ ਦੇ ਜਿਸਮਾਨੀ ਰਿਸ਼ਤੇ ਨਾਲੋਂ ਵੀ ਵਧ ਕੇ ਹੈ।

## ''ਬਆਲ-ਜ਼ਬੂਲ ਨਾਲ ਮਿਲਿਆ ਹੋਇਆ'' (3:22-27)[14]

**22ਅਤੇ ਗ੍ਰੰਥੀਆਂ ਨੇ ਜਿਹੜੇ ਯਰੂਸ਼ਲਮ ਤੋਂ ਆਏ ਸਨ ਇਹ ਕਿਹਾ ਭਈ ਉਹ ਬਆਲ-ਜ਼ਬੂਲ ਨਾਲ ਮਿਲਿਆ ਹੋਇਆ ਹੈ ਅਤੇ ਭੂਤਾਂ ਦੇ ਸਰਦਾਰ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹੈ 23ਤਾਂ ਉਸ ਨੇ ਉਨ੍ਹਾਂ ਨੂੰ ਅਪਣੇ ਕੋਲ ਸੱਦ ਕੇ ਦ੍ਰਿਸ਼ਟਾਂਤਾਂ ਵਿਚ ਉਨ੍ਹਾਂ ਨੂੰ ਕਿਹਾ ਕਿ ਸ਼ਤਾਨ ਨੂੰ ਸ਼ਤਾਨ ਕਿਸ ਤਰ੍ਹਾਂ ਕੱਢ ਸੱਕਦਾ ਹੈ? 24ਜੇ ਕਿਸੇ ਰਾਜ ਵਿਚ ਫੁੱਟ ਪੈ ਜਾਵੇ ਤਾਂ ਉਹ ਰਾਜ ਠਹਿਰ ਨਹੀਂ ਸੱਕਦਾ 25ਅਰ ਜੇ ਕਿਸੇ ਘਰ ਵਿੱਚ ਫੁੱਟ ਪੈ ਜਾਵੇ ਤਾਂ ਉਹ ਘਰ ਠਹਿਰ ਨਾ ਸੱਕੇਗਾ 26ਜੇ ਸ਼ਤਾਨ ਆਪਣੇ ਹੀ ਵਿਰੁੱਧ ਉੱਠੇ ਅਰ ਉਸ ਵਿੱਚ ਫੁੱਟ ਪੈ ਜਾਵੇ ਤਾਂ ਉਹ ਠਹਿਰ ਨਹੀਂ ਸੱਕਦਾ ਸਗੋਂ ਉਹ ਦਾ ਓੜਕ ਆ ਪੁੱਜਿਆ 27ਪਰ ਕੋਈ ਕਿਸੇ ਜ਼ੋਰਾਵਰ ਦੇ ਘਰ ਵਿੱਚ ਵੜ ਕੇ ਉਹ ਦਾ ਅਸਬਾਬ ਲੁੱਟ ਨਹੀਂ ਸੱਕਦਾ ਜੇ ਪਹਿਲਾਂ ਉਸ ਜ਼ੋਰਾਵਰ ਨੂੰ ਬੰਨ੍ਹ ਨਾ ਲਵੇ ਤਦ ਉਹ ਉਸ ਦਾ ਘਰ ਲੁੱਟੇਗਾ।**

**ਆਇਤ 22.** ਪ੍ਰਭੂ ਦੇ ਪਰਿਵਾਰ ਦੇ ਲੋਕਾਂ ਨੇ ਅਤੇ ਬਹੁਤ ਸਾਰੇ ਹੋਰਨਾਂ ਲੋਕਾਂ ਨੇ ਬਸ ਗਲਤ ਸਮਝ ਲਿਆ; ਪਰ ਧਰਮ ਸ਼ਾਸਤਰੀਆਂ ਨੇ ਜਾਣ–ਬੁੱਝ ਕੇ ਉਸ ਉੱਤੇ ਝੂਠਾ ਇਲਜ਼ਾਮ ਲਾਉਂਦਿਆਂ ਆਖਿਆ, **''ਉਹ ਬਆਲ-ਜ਼ਬੂਲ ਨਾਲ ਮਿਲਿਆ ਹੋਇਆ ਹੈ ਅਤੇ ਭੂਤਾਂ ਦੇ ਸਰਦਾਰ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹੈ।''** ਕਿਸੇ ਬੁੱਤਪ੍ਰਸਤ ਦੇਵਤੇ ਦੇ ਨਾਂਅ ''ਬਆਲਜ਼ਬੂਲ'' (2 ਰਾਜਿਆਂ 1:2), ਦਾ ਅਰਥ ''ਮੱਖੀਆਂ ਦਾ ਪ੍ਰਭੂ'' ਹੋ ਸਕਦਾ ਹੈ। ਉਨ੍ਹਾਂ ਦਾ ਇਲਜ਼ਾਮ ਅਸਲ ਵਿਚ ਉਸ ਦੀ ਸਮਰੱਥਾ ਨੂੰ ਸਲਾਹੁਣਾ ਸੀ, ਕਿਉਂ ਜੋ ਉਨ੍ਹਾਂ ਨੇ ਇਸ ਤੋਂ ਕਦੇ ਇਨਕਾਰ ਨਹੀਂ ਕੀਤਾ ਕਿ ਉਹਦਾ ਕੰਮ ਅਲੌਕਿਕ ਸੀ!

ਕੋਈ ਵੀ ਜਿਹੜਾ ਆਗੂ ਬਣਨਾ ਚਾਹ ਰਿਹਾ ਹੋਵੇ ਉਸ ਨੂੰ ਮੂਰਖਤਾ ਅਤੇ ਬੁਰਿਆਈ ਦੇ ਬੇਬੁਨਿਆਦ ਦਾਅਵਿਆਂ ਵਾਲੀ ਹਰ ਤਰ੍ਹਾਂ ਦੀ ਅਲੋਚਨਾ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਕੁਝ ਇਤਰਾਜ਼ਾ ਦਾ ਜਵਾਬ ਯਿਸੂ ਨੇ ਨਹੀਂ ਦਿੱਤਾ। ਉਦਾਹਰਣ ਲਈ ਉਸ ਨੇ ਕਦੇ ਇਨ੍ਹਾਂ

ਝੂਠੇ ਦਾਅਵਿਆਂ ਦਾ ਖੰਡਣ ਨਹੀਂ ਕੀਤਾ ਕਿ ਉਹ ਪਿਆਕੜ ਅਤੇ ਪੇਟੂ ਹੈ, ਬਲਕਿ ਸਿਰਫ਼ ਉਸ ਨੇ ਮੂਰਖਤਾ ਭਰੇ ਅਲੋਚਕਾਂ ਨੂੰ ਨਜ਼ਰਅੰਦਾਜ਼ ਕਰਦਿਆਂ ਸੰਜੀਦਾ ਲੋਕਾਂ ਨੂੰ ਉਹਦੇ ਕੰਮਾਂ ਦਾ ਆਪ ਫ਼ੈਸਲਾ ਕਰਨ ਦਿੱਤਾ। ਪਰ ਇਸ ਆਇਤ ਵਿਚਲੇ ਇਲਜ਼ਾਮ ਉਹਦੇ ਕੰਮ ਅਤੇ ਸੁਰਗੀ ਪਿਤਾ ਨਾਲ ਉਹਦੇ ਸਬੰਧ ਤੇ ਸ਼ੱਕ ਕਰਨ ਵਾਲੇ ਸਨ, ਇਹਦਾ ਜਵਾਬ ਦਿੱਤਾ ਜਾਣਾ ਜ਼ਰੂਰੀ ਸੀ, ਨਹੀਂ ਤਾਂ ਬਹੁਤ ਸਾਰੇ ਲੋਕ ਉਲਝਣ ਵਿਚ ਪੈ ਸਕਦੇ ਹਨ (ਮੱਤੀ 12:22–24; ਲੂਕਾ 11:15)।

ਸੰਭਵ ਹੈ ਕਿ ਗ੍ਰੰਥੀਆਂ ਨੂੰ ਲੱਗਾ ਕਿ ਯਿਸੂ ਇਸ ਇਲਜ਼ਾਮ ਨੂੰ ਨਕਾਰ ਨਾ ਸਕੇ। ਉਹ ਇਹ ਕਿਵੇਂ ਸਾਬਤ ਕਰ ਸਕਦਾ ਸੀ ਕਿ ਉਹਦਾ ਸ਼ਤਾਨ ਨਾਲ ਕੋਈ ਲੈਣ ਦੇਣ ਨਹੀਂ ਸੀ? ਜੇ ਨੂੰ ਮੋਅਜਜ਼ਿਆਂ ਤੋਂ ਸ਼ੱਕ ਨਾ ਹੁੰਦਾ ਤਾਂ ਕੁਝ ਨਾ ਦੱਸਣ ਨਾਲ ਉਨ੍ਹਾਂ ਦਾ ਯਕੀਨ ਵਧ ਜਾਣਾ ਸੀ। ਅਜਿਹਾ ਜਵਾਬ ਤਰਕਸੰਗਤ ਢੰਗ ਨਾਲ ਲਾਜਵਾਬ ਹੋਣਾ ਜ਼ਰੂਰੀ ਸੀ। ਸਿਰਫ਼ ਬੇਪਰਵਾਹ ਭੀੜ ਨੇ ਹੀ ਇਸ ਬੇਤੁਕੇ ਇਲਜ਼ਾਮ ਨੂੰ ਮੰਨਣਾ ਸੀ, ਪਰ ਬਾਕੀ ਦੇ ਲੋਕ ਇਸ ਨਾਲ ਉਲਝਣ ਵਿਚ ਪੈ ਸਕਦੇ ਸਨ। ਪਰ ਯਰੂਸ਼ਲਮ ਦੇ ਬਹੁਤ ਸਾਰੇ ਲੋਕ ਬਿਨਾਂ ਸੋਚੇ ਸਮਝੇ ਆਪਣੇ ਗੁਰੂ ਆਗੂਆਂ ਦੇ ਮਗਰ ਚੱਲਦੇ ਸਨ, ਜਿਵੇਂ ਕਿ ਉਨ੍ਹਾਂ ਨੇ ਯਿਸੂ ਦੀ ਜ਼ਿੰਦਗੀ ਦੇ ਆਖ਼ਰੀ ਹਫ਼ਤੇ ਦੌਰਾਨ ਵਿਖਾਇਆ।

**ਆਇਤਾਂ 23-26. ਤਾਂ ਉਸ ਨੇ ਉਨ੍ਹਾਂ ਨੂੰ ਅਪਣੇ ਕੋਲ ਸੱਦ ਕੇ ਦ੍ਰਿਸ਼ਟਾਂਤਾਂ ਵਿਚ ਉਨ੍ਹਾਂ ਨੂੰ ਕਿਹਾ।**[15] ਯਿਸੂ ਦਾ ਜਵਾਬ ਤਰਕਸੰਗਤ ਅਤੇ ਬੇਨੁਕਸ ਹੈ। ਪਹਿਲਾਂ ਉਸ ਨੇ ਆਖਿਆ, **''ਸ਼ਤਾਨ ਨੂੰ ਸ਼ਤਾਨ ਕਿਸ ਤਰ੍ਹਾਂ ਕੱਢ ਸੱਕਦਾ ਹੈ?''** (3:23)। ਲੂਕਾ 11:14–23 ਵਿਚ ਯਿਸੂ ਦੇ ਜਵਾਬ ਨੂੰ ਵਿਸਤਾਰ ਨਾਲ ਦੱਸਿਆ ਗਿਆ:

> ਉਹ ਇਕ ਗੂੰਗੇ ਭੂਤ ਨੂੰ ਕੱਢਦਾ ਪਿਆ ਸੀ ਅਤੇ ਐਉਂ ਹੋਇਆ ਕਿ ਜਾਂ ਭੂਤ ਨਿੱਕਲ ਗਿਆ ਤਾਂ ਉਹ ਗੂੰਗਾ ਬੋਲਣ ਲਗ ਪਿਆ ਅਰ ਲੋਕ ਹੈਰਾਨ ਹੋਏ। ਪਰ ਉਨ੍ਹਾਂ ਵਿੱਚੋਂ ਕਿੰਨਿਆਂ ਨੇ ਆਖਿਆ ਜੇ ਉਹ ਭੂਤਾਂ ਦੇ ਸਰਦਾਰ ਬਆਲਜ਼ਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹੈ। ਅਤੇ ਹੋਰਨਾਂ ਨੇ ਪਰਤਾਉਣ ਲਈ ਅਕਾਸ਼ ਵੱਲੋਂ ਇਕ ਨਿਸ਼ਾਨ ਉਸ ਤੋਂ ਮੰਗਿਆ। ਪਰ ਉਸ ਨੇ ਉਨ੍ਹਾਂ ਦੀਆਂ ਸੋਚਾਂ ਨੂੰ ਜਾਣ ਕੇ ਉਨ੍ਹਾਂ ਨੂੰ ਆਖਿਆ ਭਈ ਜਿਸ ਕਿਸੇ ਰਾਜ ਵਿਚ ਫੁੱਟ ਪੈਂਦੀ ਸੋ ਉੱਜੜ ਜਾਂਦਾ ਹੈ ਅਤੇ ਘਰ ਘਰ ਉੱਤੇ ਡਿੱਗ ਪੈਂਦਾ ਹੈ। ਸੋ ਜੇ ਸ਼ਤਾਨ ਦੇ ਆਪਣੇ ਆਪ ਵਿਚ ਹੀ ਫੁੱਟ ਪੈ ਗਈ ਤਾਂ ਉਹ ਦਾ ਰਾਜ ਕਿੱਕੁਰ ਠਹਿਰੇਗਾ? ਤੁਸੀਂ ਤਾਂ ਆਖਦੇ ਹੋ ਭਈ ਮੈਂ ਬਆਲਜ਼ਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ। ਅਰ ਜੇ ਮੈਂ ਬਆਲਜ਼ਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਤੁਹਾਡੇ ਪੁੱਤਰ ਕਿਹ ਦੀ ਸਹਾਇਤਾ ਨਾਲ ਕੱਢਦੇ ਹਨ? ਬੱਸ, ਤੁਹਾਡਾ ਨਿਆਉਂ ਕਰਨ ਵਾਲੇ ਉਹੋ ਹੋਣਗੇ। ਪਰ ਜੇ ਮੈਂ ਪਰਮੇਸ਼ੁਰ ਦੀ ਉਂਗਲ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਸਾਂ ਉੱਤੇ ਆ ਪਹੁੰਚਿਆ ਹੈ। ਜਦ ਕੋਈ ਜ਼ੋਰਾਵਰ ਹਥਿਆਰ ਬੰਨ੍ਹੀਂ ਆਪਣੇ ਘਰ ਦੀ ਰਖਵਾਲੀ ਕਰਦਾ ਹੈ ਤਾਂ ਉਹ ਦਾ ਮਾਲ ਬਚਿਆ ਰਹਿੰਦਾ ਹੈ। ਪਰ ਜੇ ਕੋਈ ਉਸ ਨਾਲੋਂ ਜ਼ੋਰਾਵਰ ਆਣ ਕੇ ਉਹਨੂੰ ਜਿੱਤ ਲਵੇ ਤਾਂ ਉਹਦੇ ਸਾਰੇ ਹਥਿਆਰ ਜਿਨ੍ਹਾਂ ਉੱਤੇ ਉਹ ਦਾ ਮਾਣ ਸੀ ਖੋਹ ਲੈਂਦਾ ਅਤੇ ਉਹਦੀ ਲੁੱਟ ਵੰਡ ਦਿੰਦਾ ਹੈ। ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁੱਧ ਹੈ ਅਤੇ ਜੋ ਮੇਰੇ ਸੰਗ ਇਕੱਠਾ ਨਹੀਂ ਕਰਦਾ ਸੋ ਖਿੰਡਾਉਂਦਾ ਹੈ।।

ਇਹ ਸਪੱਸ਼ਟ ਹੈ ਕਿ ਸ਼ਤਾਨ ਨੇ ਖ਼ੁਦਾ ਤੋਂ ਬਦਲਾ ਲੈਣ ਲਈ ਲੋਕਾਂ ਉੱਤੇ ਕਾਬੂ ਪਾਉਣਾ ਚਾਹਿਆ। ਤਾਂ ਫਿਰ ਉਸ ਨੇ ਕਿਸੇ ਨੂੰ ਵੀ ਉਹ ਸ਼ਕਤੀ ਪਾਉਣ ਲਈ ਜਿਹੜੀ ਉਹ ਖ਼ੁਦਾ ਦੇ ਲੋਕਾਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਤਕਰੀਬਨ–ਤਕਰੀਬਨ ਤਬਾਹ ਕਰ ਸਕਦਾ ਹੋਵੇ ਅਜਿਹੀ ਸ਼ਕਤੀ ਲੈਣ ਦੇਣੀ ਸੀ? ਲਗਦਾ ਨਹੀਂ ਹੈ! ਸ਼ਤਾਨ ਕਮੀਨਾ ਅਤੇ ਦੁਸ਼ਟ ਹੈ, ਪਰ ਉਹ ਮੂਰਖ ਨਹੀਂ ਹੈ। ਉਹ ਛਲ ਕਪਟ, ਮੱਕਾਰੀ ਅਤੇ ਜਾਲਸਾਜ਼ੀ ਨਾਲ ਭਰਿਆ ਹੋਇਆ ਹੈ। ਸਾਨੂੰ ਚਿਤਾਵਨੀ ਦਿੱਤੀ ਗਈ ਹੈ, ''ਮੁੱਕਦੀ ਗੱਲ, ਪ੍ਰਭੂ ਵਿਚ ਅਤੇ ਉਹਦੀ ਸ਼ਕਤੀ ਦੇ ਪਰਾਕਰਮ ਵਿਚ ਤਕੜੇ ਹੋਵੋ! ਪਰਮੇਸ਼ੁਰ ਦੇ ਸਾਰੇ ਸ਼ਸਤਰ

ਬਸਤਰ ਧਾਰੋ ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦਰਾਂ ਦੇ ਸਾਹਮਣੇ ਖਲੋ ਸੱਕੋ'' (ਅਫ਼ਸੀਆਂ 6:10, 11)। ਸ਼ਤਾਨ ਕੋਲ ਮਨੁੱਖ ਭਾਵ ਖ਼ੁਦਾ ਦੇ ਰੂਪ ਤੇ ਬਣਾਏ ਗਏ ਜੋ ਕਿ ਖ਼ੁਦਾ ਦਾ ਹੈ, ਉੱਥੇ ਕਾਬੂ ਪਾਉਣ ਤੋਂ ਇਲਾਵਾ ਹੋਰ ਕੋਈ ਪੂਰੀ ਫ਼ਤਹਿ ਨਹੀਂ ਹੋ ਸਕਦੀ।

ਯਿਸੂ ਦਾ ਸਵਾਲ ''ਤੁਹਾਡੇ ਪੁੱਤਰ ਕਿਹਦੀ ਸਹਾਇਤਾ ਨਾਲ ਭੂਤ ਕੱਢਦੇ ਹਨ?'' ਮਰਕੁਸ 3 ਵਿਚ ਨਹੀਂ ਹੈ ਪਰ ਮੱਤੀ 12:27 ਅਤੇ ਲੂਕਾ 11:19 ਵਿਚ ਇਸ ਨੂੰ ਸ਼ਾਮਿਲ ਕੀਤਾ ਗਿਆ ਹੈ। ਯਹੂਦੀ ਤਾਂਤਰਿਕ ਇਸ ਸ਼ਕਤੀ ਦੇ ਹੋਣ ਦਾ ਦਾਅਵਾ ਕਰਦੇ ਸਨ। ਜੇ ਉਹ ਸਚੁਮੁਚ ਭੂਤਾਂ ਨੂੰ ਕੱਢਦੇ ਸਨ ਤਾਂ ਇਹ ਯਿਸੂ ਅਤੇ ਰਸੂਲਾਂ ਵੱਲੋਂ ਕੀਤੇ ਜਾਣ ਵਾਲ ਕੰਮ ਨਾਲੋਂ ਬਹੁਤ ਹੀ ਘਟੀਆ ਤਰੀਕੇ ਨਾਲ ਸੀ। (ਜਿਹਦੀ ਗੱਲ ਲੂਕਾ 10:17 ਵਿਚ ਕੀਤੀ ਗਈ ਹੈ)। ਬਾਅਦ ਵਿਚ ਰਸੂਲ ਵੀ ਇਕ ਭੂਤ ਚੰਬੜੇ ਮੁੰਡੇ ਨੂੰ ਠੀਕ ਨਹੀਂ ਕਰ ਸਕੇ ਸਨ ਕਿਉਂਕਿ ਉਨ੍ਹਾਂ ਦੇ ਵਿਸ਼ਵਾਸ ਵਿਚ ਕਮੀ ਸੀ (ਮਰਕੁਸ 9:14–29)। ਯਿਸੂ ਦੇ ਉੱਪਰ ਉਠਾਏ ਜਾਣ ਤੋਂ ਬਾਅਦ ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਨਾਲ ਮਿਲੀ ਸਮਰੱਥਾ ਨਾਲ ਉਸ ਸੰਦੇਸ਼ ਦੀ ਤਸਦੀਕ ਲਈ ਜਿਹ ਨੂੰ ਉਹ ਸੁਣਾ ਰਹੇ ਸਨ, ਜ਼ਿੰਦਗੀ ਭਰ ਇਲਹਾਮ ਅਤੇ ਮੋਅਜਜ਼ੇ ਕਰਨ ਦੀ ਸ਼ਕਤੀ ਦੀ ਗਰੰਟੀ ਮਿਲਣੀ ਸੀ।

9:38 ਵਿਚ, ਯੂਹੰਨਾ ਨੇ ਯਿਸੂ ਨੂੰ ਕਿਸੇ ਆਦਮੀ ਬਾਰੇ ਦੱਸਿਆ ਜਿਹੜਾ ਉਹਦੇ ਚੇਲਿਆਂ ਵਿੱਚੋਂ ਤਾਂ ਨਹੀਂ ਸੀ, ਪਰ ਬਦਰੂਹਾਂ ਕੱਢ ਰਿਹਾ ਸੀ। ਪਿਛਲੇ ਕਿਸੇ ਸਮੇਂ ਵਿਚ ਯਿਸੂ ਨੇ ਜ਼ਰੂਰ ਉਹਨੂੰ ਉਹ ਸ਼ਕਤੀ ਦਿੱਤੀ ਹੋਵੇਗੀ। ਇਹਦੇ ਉਲਟ ਰਸੂਲਾਂ ਦੇ ਕਰਤੱਬ 19:14–16 ਵਿਚ ਸਕੇਵਾ ਨਾਮਕ ਆਦਮੀ ਦੇ ਪੁੱਤਰਾਂ ਦੀ ਨਾਕਾਮੀ ਨੂੰ ਦੱਸਿਆ ਗਿਆ ਹੈ, ਜਿਨ੍ਹਾਂ ਨੂੰ ਲਗਦਾ ਸੀ ਕਿ ਉਹ ਝਾੜ ਫੂਕ ਕਰਕੇ ਬਦਰੂਹ ਨੂੰ ਕੱਢ ਸਕਦੇ ਹਨ, ਪਰ ਕੱਢ ਨਹੀਂ ਸਕੇ। ਜ਼ਾਹਿਰ ਹੈ ਕਿ ਉਹ ਬਦਰੂਹ ਕੱਢਣ ਲਈ ਯਿਸੂ ਦੇ ਨਾਂਅ ਦੀ ਵਰਤੋਂ ਜਾਦੂ ਭਰੇ ਸ਼ਬਦ ਦੇ ਰੂਪ ਵਿਚ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਮਸੀਹ ਵੱਲੋਂ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਬਿਲਕੁਲ ਫ਼ਰਕ ਹਨ ਅਤੇ ਉਨ੍ਹਾਂ ਵਿਚ ਕੋਈ ਨਾਕਾਮੀ ਨਹੀਂ ਸੀ। ਅਤੇ ਉਹਦੇ ਸਿੱਧੇ ਸਾਦੇ ਤਰੀਕੇ ਵਿਚ ਕਿਸੇ ਤਰ੍ਹਾਂ ਕੋਈ ਜਾਦੂਗਰੀ ਵਾਲਾ ਮੰਤਰ ਜਾਂ ਵਿਖਾਵਾ ਨਹੀਂ ਸੀ। ਬਲਕਿ ਉਹਦੇ ਸ਼ਬਦਾਂ ਵਿਚ ਬਦਰੂਹਾਂ ਨੂੰ ਹੁਕਮ ਹੁੰਦਾ ਸੀ ਅਤੇ ਉਨ੍ਹਾਂ ਵਿਚ ਉਨ੍ਹਾਂ ਨੂੰ ਨਾ ਮੰਨਣ ਦੀ ਕੋਈ ਤਾਕਤ ਨਹੀਂ ਸੀ।[16]

ਯਹੂਦੀ ਤਾਂਤਰਿਕ ਬਦਰੂਹ ਨੂੰ ਕੱਢਣ ਦੀ ਸ਼ਕਤੀ ਹੋਣ ਦਾ ਦਾਅਵਾ ਕਰਦੇ ਹਨ, ਇਸ ਕਰਕੇ ਫ਼ਰੀਸੀਆਂ ਦਾ ਇਲਜ਼ਾਮ ਉਨ੍ਹਾਂ ਦੇ ਹੀ ਖ਼ਿਲਾਫ਼ ਜਾ ਸਕਦਾ ਸੀ। ਪਰ ਸਾਫ਼ ਹੈ ਕਿ ਯਹੂਦੀ ਆਗੂ ਇਹ ਨਹੀਂ ਮੰਨਦੇ ਸਨ ਕਿ ਉਨ੍ਹਾਂ ਦੇ ਪੁੱਤਰ ਅਜਿਹਾ ਕਰਦੇ ਸਨ। ਯਿਸੂ ਨੇ ਉਨ੍ਹਾਂ ਦੇ ਕੰਮ ਨੂੰ ਉਨ੍ਹਾਂ ਦੇ ਇਤਰਾਜ਼ ਨੂੰ ਉਨ੍ਹਾਂ ਦੇ ਹੀ ਵਿਰੋਧ ਵਿਚ ਵਰਤਿਆ: **''ਜੇ ਕਿਸੇ ਘਰ ਵਿੱਚ ਫੁੱਟ ਪੈ ਜਾਵੇ ਤਾਂ ਉਹ ਘਰ ਠਹਿਰ ਨਾ ਸੱਕੇਗਾ ਜੇ ਸ਼ਤਾਨ ਆਪਣੇ ਹੀ ਵਿਰੁੱਧ ਉੱਠੇ ਅਰ ਉਸ ਵਿੱਚ ਫੁੱਟ ਪੈ ਜਾਵੇ ਤਾਂ ਉਹ ਠਹਿਰ ਨਹੀਂ ਸੱਕਦਾ!''** ਸ਼ਤਾਨ ਜੇ ਸ਼ਤਾਨ ਨਾਲ ਹੀ ਲੜ ਰਿਹਾ ਹੁੰਦਾ ਤਾਂ ਉਹਦਾ ਰਾਜ ਕਿਵੇਂ ਬਣਿਆ ਰਹਿ ਸਕਣਾ ਸੀ (ਵੇਖੋ ਮੱਤੀ 12:25; ਲੂਕਾ 11:17, 18)।

ਯਿਸੂ ਨੇ ਜ਼ਿੰਦਗੀ ਨੂੰ ਇਕ ਸੰਘਰਸ਼ ਦੇ ਰੂਪ ਵਿਚ ਵੇਖਿਆ। ਸਾਨੂੰ ''ਭਲਾ ਸ਼ਤਾਨ ਅਜੇ ਵੀ ਕੰਮ ਕਰਦਾ ਹੈ?'' ਅਤੇ ''ਭਲਾ ਕਿਸੇ ਵਿਚ ਭੂਤ ਹੋ ਸਕਦੇ ਹਨ?'' ਵਰਗੇ ਸਵਾਲਾਂ ਤੇ ਬਹਿਸ ਕਰਨ ਦੀ ਥਾਂ ਬੁਰਿਆਈ ਨਾਲ ਲੜਨ ਦੀ ਬਹੁਤੀ ਫ਼ਿਕਰ ਕਰਨੀ ਚਾਹੀਦੀ ਹੈ। ਜੇ ਕਿਸੇ ਦੇ ਘਰ ਨੂੰ ਅੱਗ ਲੱਗੀ ਹੋਵੇ ਤਾਂ ਭਲਾ ਉਹਨੂੰ ਬੈਠ ਕੇ ਆਪਣੇ ਘਰ ਵਿਚ ਅੱਗ ਲੱਗਣ ਦੇ ਕਾਰਣ ਦੱਸਣ ਵਾਲੀ ਕਿਤਾਬ ਪੜ੍ਹਨੀ ਚਾਹੀਦੀ ਹੈ? ਨਹੀਂ, ਉਸ ਨੂੰ ਛੇਤੀ ਨਾਲ ਅੱਗ ਨੂੰ ਬੁਝਾਉਣ ਜਾਂ ਆਪਣੀ ਜਾਨ ਬਚਾਉਣ ਲਈ ਭੱਜਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ![17]

**ਆਇਤ 27.** ਯਿਸੂ ਨੇ ਅੱਗੇ ਦਲੀਲ ਦਿੱਤੀ: **''ਪਰ ਕੋਈ ਕਿਸੇ ਜ਼ੋਰਾਵਰ ਦੇ ਘਰ ਵਿੱਚ ਵੜ ਕੇ ਉਹ ਦਾ ਅਸਬਾਬ ਲੁੱਟ ਨਹੀਂ ਸੱਕਦਾ ਜੇ ਪਹਿਲਾਂ ਉਸ ਜ਼ੋਰਾਵਰ ਨੂੰ ਬੰਨ੍ਹ ਨਾ ਲਵੇ ਤਦ ਉਹ ਉਸ ਦਾ ਘਰ ਲੁੱਟੇਗਾ।''** ਮੱਤੀ 12:28 ਦੱਸਦਾ ਹੈ ਕਿ ਯਿਸੂ ਨੇ ਇਹ ਵਿਖਾਉਣ ਲਈ ਕਿ (ਆਪਣੇ ਰਾਜੇ

ਦੀ ਮਜੂਦਗੀ ਵਿਚ) ਪਰਮੇਸ਼ੁਰ ਦਾ ਰਾਜ ਆ ਚੁੱਕਿਆ ਹੈ ਬਦਰੂਹਾਂ ਦੀ ਚਰਚਾ ਨੂੰ ਵਰਤਿਆ। ਉਸ ਨੇ ਇਕ ਰੂਪਕ ਦਿੱਤਾ ਜਿਸ ਵਿਚ ਸ਼ਤਾਨ ਨੂੰ ''ਜ਼ੋਰਾਵਰ'' ਅਤੇ ''ਉਸ ਦਾ ਘਰ'' ਨੂੰ ਭੂਤ ਚੰਬੜੇ ਆਦਮੀ ਦਾ ਸਰੀਰ (ਜਿਸ ਵਿਚ ਬਦਰੂਹਾਂ ਦੇ ਜ਼ਰੀਏ ਸ਼ਤਾਨ ਵਾਸ ਕਰ ਰਿਹਾ ਸੀ) ਦੇ ਰੂਪ ਵਿਚ ਵਰਤਿਆ। ਯਿਸੂ ਨੇ ਐਲਾਨ ਕੀਤਾ ਕਿ ਉਹ ਸ਼ਤਾਨ ਦੇ ਖ਼ਿਲਾਫ਼ ਕਾਮਯਾਬ ਜੰਗ ਕਰਨ ਵਾਲਾ ਹੈ ਕਿਉਂ ਜੋ ਉਸ ਨੇ ਉਸ ਨੂੰ ''ਬੰਨ੍ਹ'' ਦਿੱਤਾ ਸੀ ਜਾਂ ਧਰਤੀ ਉੱਤੇ ਆਪਣੀ ਸੇਵਕਾਈ, ਮੌਤ, ਜੀ ਉੱਠਣ ਅਤੇ ਸੁਰਗ ਤੇ ਉਠਾਏ ਜਾਣ ਦੇ ਰਾਹ ਉਹਦੀ ਸ਼ਕਤੀ ਨੂੰ ਬਹੁਤ ਸੀਮਿਤ ਕਰ ਦਿੱਤਾ ਸੀ (ਪ੍ਰਕਾਸ 20:1–5 ਦੇਖੋ)। ਖ਼ੁਦਾ ਉਦੋਂ ਜੰਗ ਜਿੱਤ ਰਿਹਾ ਸੀ, ਉਵੇਂ ਹੀ ਜਿਵੇਂ ਅੱਜ ਜਿੱਤ ਰਿਹਾ ਹੈ। ਮਸੀਹੀ ਲੋਕਾਂ ਦੀ ਇਸ ਨਿਹਚਾ ਨਾਲੋਂ ਵੱਧ ਕਿ ਸ਼ਤਾਨ ਦੇ ਖ਼ਿਲਾਫ਼ ਜੰਗ ਵਿਚ ਮਸੀਹ ਸਾਡੇ ਲਈ ਫ਼ਤਹਿ ਜਾ ਰਿਹਾ ਹੈ, ਹੋ ਕੋਈ ਨਿਹਚਾ ਨਹੀਂ ਹੈ। ਜਿਵੇਂ ਉਹ ਜਿੱਤਦਾ ਹੈ ਉਵੇਂ ਹੀ ਅਸੀਂ ਜਿੱਤਦੇ ਹਾਂ; ਜਦ ਅਸੀਂ ਪਰਿਪੱਕ ਹੋ ਕੇ ਨਿਹਚਾ ਵਿਚ ਬਣੇ ਰਹਿੰਦੇ ਹਾਂ ਤਾਂ ਅਸੀਂ ਇਹ ਪੱਕਾ ਆਖ ਸਕਦੇ ਹਾਂ ਕਿ ਹਰ ਬੁਰਿਆਈ ਤੇ ਆਖ਼ਰੀ ਫ਼ਤਹਿ ਸਾਡੀ ਪਕੜ ਵਿਚ ਹੈ।

ਮਨੁੱਖੀ ਮਨ ਮਸੀਹ ਅਤੇ ਸ਼ਤਾਨ ਵਿਚਲੀ ਜੰਗ ਦਾ ਮੈਦਾਨ ਹੈ; ਹਰ ਕਿਸੇ ਦਾ ਭਵਿੱਖ ਇਸੇ ਉੱਤੇ ਨਿਰਭਰ ਕਰਦਾ ਹੈ ਕਿ ਉਹ ਆਪਣੇ ਮਨ ਉੱਤੇ ਕਿਸ ਨੂੰ ਰਾਜ ਕਰਨ ਦਿੰਦਾ ਹੈ। ਕਿਸੇ ਵੀ ਤਰ੍ਹਾਂ ਦੀ ''ਥੋੜ੍ਹੇ ਚਿਰ ਲਈ'' ਹਾਰ (ਪਰਕਾਸ 20:3; KJV) ਨੂੰ ਪਹਿਲੀ ਸਦੀ ਦੇ ਸਮੇਂ ਨਾਲ ਮਿਲਾਇਆ ਜਾ ਸਕਦਾ ਹੈ ਜਾਂ ਨਹੀਂ। ਜਦ ਸ਼ਤਾਨ ਧਰਤੀ ਉੱਤੇ ਲੋਕਾਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ, ਪਰ ਉਹਦੇ ਕੋਲ ਉਹੀ ਤਾਕਤ ਹੈ। ਅੱਜ ਖ਼ੁਦਾ ਦੇ ਖ਼ਿਲਾਫ਼ ਲੜ ਰਹੀਆਂ ਦੁਸ਼ਟ ਸ਼ਕਤੀਆਂ ਤੋਂ ਇਹ ਸਾਫ਼ ਪਤਾ ਲਗਦਾ ਹੈ। ਅਸਾਨ ਉਦਾਹਰਣਾਂ ਅਤੇ ਨਿਹਚਾ ਦੀ ਗੱਲਾਂ ਇਹ ਸੰਕੇਤ ਦਿੰਦਿਆਂ ਕਿ ਉਸ ਨੇ ਸ਼ਤਾਨ ਨੂੰ ਬੰਨ੍ਹ ਦਿੱਤਾ) ਨਾਲ ਯਿਸੂ ਨੇ ਆਪਣੇ ਆਪ ਨੂੰ ਬੁੱਧ, ਸਮਰੱਥਾ ਅਤੇ ਸਮਝ ਵਿਚ ਇਨ੍ਹਾਂ ਗ੍ਰੰਥੀਆਂ ਅਤੇ ਫ਼ਰੀਸੀਆਂ ਨਾਲੋਂ ਕਿਤੇ ਉੱਪਰ ਵਿਖਾਇਆ। ਉਹਦੀ ਸਮਰੱਥਾ ਅਤੇ ਗਿਆਨ ਨੇ ਇਸ ਤਰੀਕੇ ਨਾਲ ਕੰਮ ਕੀਤਾ ਜੋ ਕਿ ਸਾਫ਼ ਤੌਰ ਤੇ ਖ਼ੁਦਾ ਦੀ ਤਰਫ਼ੋਂ ਸੀ। ਭੂਤ ਚੰਬੜੇ ਲੋਕਾਂ ਨੂੰ ਅਜ਼ਾਦ ਕਰਵਾਉਣ ਦੇ ਆਪਣੇ ਮੋਅਜਜ਼ਿਆਂ ਦੇ ਰਾਹੀਂ ਯਿਸੂ ਨੇ ਵਿਖਾਇਆ ਕਿ ਉਹਦੀ ਸਮਰੱਥਾ ਇਲਾਹੀ ਸੀ: ''ਪਰ ਜੇ ਮੈਂ ਪਰਮੇਸ਼ੁਰ ਦੀ ਉਂਗਲ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਸਾਂ ਉੱਤੇ ਆ ਪਹੁੰਚਿਆ ਹੈ'' (ਲੂਕਾ 11:20)।

## ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬਕਣਾ (3:28-30)[18]

**[28]ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਮਨੁੱਖਾਂ ਦੇ ਪੁੱਤਰਾਂ ਦੇ ਸਾਰੇ ਪਾਪ ਅਤੇ ਕੁਫ਼ਰ ਜਿੰਨੇ ਓਹ ਬਕਣਗੇ ਮਾਫ਼ ਕੀਤੇ ਜਾਣਗੇ [29]ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬੋਲੇ ਉਹ ਨੂੰ ਕਦੇ ਵੀ ਮਾਫ਼ੀ ਨਹੀਂ ਮਿਲੇਗੀ ਪਰ ਉਹ ਸਦਾ ਦੇ ਪਾਪ ਦੇ ਵੱਸ ਵਿੱਚ ਆ ਗਿਆ [30]ਕਿਉਂ ਜੋ ਉਨ੍ਹਾਂ ਆਖਿਆ ਸੀ ਭਈ ਭਰਿਸ਼ਟ ਆਤਮਾ ਉਹ ਦੇ ਵਿੱਚ ਹੈ।**

**ਆਇਤ 28. ਸੱਤ** ਸ਼ਬਦ ''ਆਮੀਨ'' (ἀμήν, ਆਮੇਨ), ਤੋਂ ਲਿਆ ਗਿਆ ਹੈ,[19] ਜਿਸਦਾ ਅਰਥ ਹੈ ''ਬਿਲਕੁਲ ਸਹੀ।'' ਮਰਕੁਸ ਵਿਚ ਇਹ ਤੇਰਾਂ ਵਾਰ ਵਰਤਿਆ ਗਿਆ ਹੈ। ਯਿਸੂ ਦੇ ਮੂੰਹੋਂ ਇਹ ਹਮੇਸ਼ਾ ਇੰਜੀਲ ਦੇ ਵਿਰਤਾਂਤਾਂ ਦੇ ਸ਼ੁਰੂ ਵਿਚ ਹੀ ਮਿਲਦਾ ਹੈ ਨਾ ਕਿ ਵਾਕ ਦੇ ਅਖ਼ੀਰ ਵਿਚ। ਪਰ ਨਵੇਂ ਨੇਮ ਦੇ ਲੇਖਕਾਂ ਨੇ ਇਸ ਨੂੰ ਵਾਕਾਂ ਦੇ ਅਖ਼ੀਰ ਵਿਚ ਵਰਤਦੇ ਹੋਏ ਲਿਖਿਆ। ਪੌਲੁਸ ਨੇ ਲਿਖਿਆ, ''ਨਹੀਂ ਤਾਂ ਜੇ ਤੂੰ ਆਤਮਾ ਹੀ ਨਾਲ ਉਸਤਤ ਕਰੇਂ ਤਾਂ ਜਿਹੜਾ ਅਨਪੜ੍ਹ ਦੇ ਥਾਂ ਬੈਠਾ ਹੋਇਆ ਹੈ ਜਦੋਂ ਉਹ ਨਹੀਂ ਜਾਣਦਾ ਜੋ ਤੂੰ ਕੀ ਆਖਦਾ ਹੈਂ ਉਹ ਤੇਰੇ ਧੰਨਵਾਦ ਕਰਨ ਉੱਤੇ ਆਮੀਨ

ਕਿਵੇਂ ਆਖੇ?'' (1 ਕੁਰਿੰਥੀਆਂ 14:16)।

ਜਦ ਅਸੀਂ ''ਆਮੀਨ'' ਆਖਦੇ ਹਾਂ ਤਾਂ ਸਾਡਾ ਮਤਲਬ ਇਹ ਹੋਣਾ ਚਾਹੀਦਾ ਹੈ, ''ਸਤ ਬਚਨ।'' ਯਿਸੂ ਨੇ ਇਸ ਦੀ ਵਰਤੋਂ ''ਸੱਚ'' ਦੇ ਅਰਥ ਵਿਚ ਕੀਤੀ, ਪਰ ਨਵੇਂ ਨੇਮ ਵਿਚ ਹੋਰ ਕਿਸੇ ਨੇ ਇਸ ਦੀ ਵਰਤੋਂ ਇਵੇਂ ਨਹੀਂ ਕੀਤੀ। ਉਸ ਨੇ ਇਹ ਇਕ ਗੰਭੀਰ ਗੱਲ ਕਹਿਣ ਲਈ ਕਿਹਾ ਜਿਹੜੀ ਆਮ ਵਿਚਾਰ ਨਾਲ ਹੈਰਾਨ ਕਰ ਦੇਣ ਵਾਲੀ ਜਾਂ ਵੱਖਰੀ ਸੀ। ਜੋ ਕੁਝ ਉਸ ਨੇ ਕਿਹਾ, ਉਸ ਤੋਂ ਉਸ ਨੂੰ ਲੋਕਾਂ ਦੇ ਹੈਰਾਨ ਹੋਣ ਦੀ ਉਮੀਦ ਸੀ।[20] ਪੁਰਾਣੇ ਨੇਮ ਵਿਚ ''ਆਮੀਨ'' ਕਈ ਵਾਰ ਮਿਲਦਾ ਹੈ, ਬਲਕਿ ''ਦੋਹਰੇ ਆਦਮੀ'' ਵਿਚ ਵੀ ਯਿਸੂ ਵੱਲੋਂ ਵਰਤਿਆ ਗਿਆ ਫ਼ਾਰਮੂਲਾ ਮਿਲਦਾ ਹੈ।[21]

ਹਰ ਤਰ੍ਹਾਂ ਦਾ **ਪਾਪ** (ἁμάρτημα, *ਹਮਰਟੀਮਾ*) ਅਤੇ **ਕੁਫ਼ਰ** (βλασφημία, *ਬਲਾਸਫ਼ੇਮੀਆ*) ਮਾਫ਼ ਹੋ ਸਕਦੇ ਹਨ, ਸਿਰਫ਼ 3:29 ਵਿਚ ਮਿਲਣ ਵਾਲੇ ਪਾਪ ਅਤੇ ਕੁਫ਼ਰ ਤੇ। ਇਹਦਾ ਮਤਲਬ ਇਹ ਨਹੀਂ ਹੈ ਕਿ ਹਰ ਕਿਸੇ ਨੂੰ ਮਾਫ਼ੀ ਦੇ ਦਿੱਤੀ ਜਾਵੇ, ਕਿਉਂ ਜੋ ਪਾਪੀ ਲਈ ਪਸ਼ਚਾਤਾਪੀ, ਉਹਦੇ ਲਈ ਜੋ ਮਸੀਹ ਨੇ ਕੀਤਾ ਹੈ ਆਗਿਆਕਾਰੀ ਵਿਸ਼ਵਾਸ ਦੇ ਜਵਾਬ ਵਿਚ ਮਸੀਹ ਦੇ ਲਹੂ ਨਾਲ ਸ਼ੁੱਧ ਕੀਤੇ ਜਾਣਾ ਜ਼ਰੂਰੀ ਹੈ (ਵੇਖੋ ਮੱਤੀ 26:28)। ਕਿਸੇ ਵੀ ਮਸੀਹੀ ਨੂੰ ਕਿਸੇ ਵੀ ਪਾਪ ਲਈ ਮਾਫ਼ ਕੀਤਾ ਜਾ ਸਕਦਾ ਹੈ ਜੇ ਉਹ ਕਰਤੱਬ 8:22 ਅਤੇ 1 ਯੂਹੰਨਾ 1:8−10 ਵਰਗੇ ਹਵਾਲਿਆਂ ਵਿਚ ਦੱਸੀਆਂ ਸ਼ਰਤਾਂ ਨੂੰ ਪੂਰਿਆਂ ਕਰਦਾ ਹੋਵੇ। ਇਹ ਸ਼ਰਤਾਂ ਤੋਬਾ ਅਤੇ ਇਕਰਾਰ ਦੀਆਂ ਹਨ, ਜਿਨ੍ਹਾਂ ਦਾ ਮਾਫ਼ ਕੀਤੇ ਜਾਣ ਦੇ ਖ਼ੁਦਾ ਦੀ ਕਾਰਵਾਹੀ ਤੋਂ ਪਹਿਲਾਂ ਹੋਣਾ ਜ਼ਰੂਰੀ ਹੈ।

**ਆਇਤਾਂ 29, 30. ''ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬੋਲੇ ਉਹ ਨੂੰ ਕਦੇ ਵੀ ਮਾਫ਼ੀ ਨਹੀਂ ਮਿਲੇਗੀ ਪਰ ਉਹ ਸਦਾ ਦੇ ਪਾਪ ਦੇ ਵੱਸ ਵਿੱਚ ਆ ਗਿਆ।''** 3:28−30 ਵਿਚ ਹਾਲਾਤ ਇਹ ਸੀ ਕਿ ਕੁਰਿੰਥੀਆਂ ਨੇ ਯਿਸੂ ਦੀ ਸਮਰੱਥਾ ਨੂੰ ਸ਼ਤਾਨ ਦਾ ਕੰਮ ਦੱਸ ਕੇ ਉਸ ਦੇ ਖ਼ਿਲਾਫ਼ ਕੁਫ਼ਰ ਬਕਿਆ ਸੀ− **ਕਿਉਂ ਜੋ ਉਨ੍ਹਾਂ ਆਖਿਆ ਸੀ ''ਭਈ ਭਰਿਸ਼ਟ ਆਤਮਾ ਉਹ ਦੇ ਵਿੱਚ ਹੈ।''** ਉੱਥੇ ਮੌਜੂਦ ਬਾਕੀ ਦੇ ਲੋਕ ਮਸੀਹ ਨੂੰ ਜਾਦੂ ਟੂਣਾ ਕਰਨ ਵਾਲਾ ਮੰਨ ਰਹੇ ਸਨ; ਉਨ੍ਹਾਂ ਨੂੰ ਇਹ ਸਮਝ ਵਿਚ ਨਹੀਂ ਆਇਆ ਜਾਂ ਉਨ੍ਹਾਂ ਨੇ ਮੰਨਿਆ ਨਹੀਂ ਕਿ ਉਹ ਇਹ ਕੰਮ ''ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ'' ਕਰਦਾ ਸੀ (ਮੱਤੀ 12:28)।

''ਕੁਫ਼ਰ'' (βλασπηεμια, *ਬਲਾਸਫ਼ੇਮੀਆ*) ਦਾ ਇਕ ਹੋਰ ''*ਅਰਥ ਨਾਪਾਕ ਅਤੇ ਘਿਨਾਉਣੀ ਗੱਲ ਜਿਹੜੀ ਰੱਬੀ ਸ਼ਾਨ ਦੀ ਬਦਨਾਮੀ ਲਈ ਨੁਕਸਾਨਦੇਹ*'' ਹੈ।[22] ਯੂਨਾਨੀ ਭਾਸ਼ਾ ਵਿਚ ਇਹ ਪਰਮੇਸ਼ੁਰ ਜਾਂ ਮਨੁੱਖ ਕਿਸੇ ਦੀ ਬਦਨਾਮੀ ਕਰਨਾ ਹੋ ਸਕਦਾ ਹੈ। ਇਹ ਕਿਸੇ ਨੂੰ ਮਾੜਾ ਚੰਗਾ ਕਹਿਣਾ ਵੀ ਹੋ ਸਕਦਾ ਹੈ। ਆਮ ਭਾਸ਼ਾ ਵਿਚ ਕਹੀਏ ਤਾਂ ਕੁਫ਼ਰ ''ਕੋਈ ਵੀ 'ਗੱਲ ਜਾਂ ਕੰਮ ਜਿਹੜੀ ਖ਼ੁਦਾ ਦੀ ਸਮਰੱਥਾ ਅਤੇ ਵਡਿਆਈ ਨੂੰ ਘੱਟ ਕਰਦੀ ਹੋਵੇ' '' ਕਰਨਾ ਹੋ ਸਕਦਾ ਹੈ।[23]

ਮਰਕੁਸ 2:6, 7 ਦੱਸਦਾ ਹੈ ਕਿ ਕੁਫ਼ਰ ਵਿਚ ਇਨ੍ਹਾਂ ਵਿੱਚੋਂ ਕੋਈ ਵੀ ਗੱਲ ਹੋ ਸਕਦੀ ਹੈ: ਕਿਸੇ ਘਿਨਾਉਣੀ ਗੱਲ ਨੂੰ ਖ਼ੁਦਾ ਨਾਲ ਜੋੜਨਾ, ਕਿਸੇ ਯੋਗ ਗੱਲ ਨੂੰ ਖ਼ੁਦਾ ਤੋਂ ਅੱਡ ਕਰਨਾ ਅਤੇ ਕਿਸੇ ਹੋਰ ਸ਼ਕਤੀ ਜਾਂ ਇਖ਼ਤਿਆਰ ਦੇ ਜਿਹੜਾ ਉਚੇਚੇ ਤੌਰ ਤੇ ਖ਼ੁਦਾ ਦਾ ਹੋਵੇ, ਕਿਸੇ ਹੋਰ ਦਾ ਹੋਣ ਦਾ ਦਾਅਵਾ ਕਰੇ। ਖ਼ੁਦਾ ਵੱਲੋਂ ਪਾਣੀ ਲੈਣ ਲਈ ਚੱਟਾਨ ਨਾਲ ਸਿਰਫ਼ ''ਗੱਲ'' ਕਰਨ ਲਈ ਕਹੇ ਜਾਣ ਤੇ, ਮੂਸਾ ਦੇ ਉਸ ਚੱਟਾਨ ਨੂੰ ਮਾਰਨ ਦੀ ਘਟਨਾ ਵਿਚ ਸਜ਼ਾ ਦੀ ਇਹ ਗੰਭੀਰ ਗੱਲ ਹੈ:

> ਉਪਰੰਤ ਯਹੋਵਾਹ ਨੇ ਮੂਸਾ ਅਤੇ ਹਾਰੂਨ ਨੂੰ ਆਖਿਆ, ਇਸ ਲਈ ਕਿ ਤੁਸਾਂ ਮੇਰੀ ਪਰਤੀਤ ਨਾ ਕੀਤੀ ਕਿ ਇਸਰਾਏਲ ਦੀਆਂ ਅੱਖਾਂ ਵਿਚ ਮੈਨੂੰ ਪਵਿੱਤਰ ਠਹਿਰਾਉਂਦੇ, ਹੁਣ ਤੁਸੀਂ ਇਸ ਸਭਾ ਨੂੰ ਉਸ ਧਰਤੀ ਵਿਚ ਜਿਹੜੀ ਮੈਂ ਉਨ੍ਹਾਂ ਨੂੰ ਦਿੱਤੀ, ਨਹੀਂ ਲੈ ਜਾਓਗੇ (ਗਿਣਤੀ 20:12)।

ਸਾਡੀ ਨਜ਼ਰ ਵਿਚ ਹੋ ਸਕਦਾ ਹੈ ਕਿ ਲੱਗੇ ਕਿ ਮੂਸਾ ਨੂੰ ਕੁਝ ਜ਼ਿਆਦਾ ਹੀ ਸਖ਼ਤ ਸਜ਼ਾ ਦੇ

ਦਿੱਤੀ ਗਈ; ਪਰ ਜਦ ਕੋਈ ਇਵੇਂ ਕੰਮ ਕਰਦਾ ਹੈ ਜਿਵੇਂ ਉਸ ਨੂੰ ਖ਼ੁਦਾ ਤੋਂ ਵੱਧ ਪਤਾ ਹੋਵੇ ਅਤੇ ਸਿੱਧੇ ਤੌਰ ਤੇ ਜੋ ਕੁਝ ਉਸ ਨੇ ਕਿਹਾ ਹੋਵੇ ਉਸ ਦਾ ਉਲੰਘਣ ਕਰੇ ਜਾਂ ਉਸ ਵਿਚ ਜੋੜ ਦਵੇ ਤਾਂ ਉਹ ਕੁਫ਼ਰ ਦੇ ਜੁਰਮ ਦਾ ਕਸੂਰਵਾਰ ਹੁੰਦਾ ਹੈ। ਪਤਰਸ ਨੇ ਯਿਸੂ ਨੂੰ ਜਾਣਨ ਦੇ ਆਪਣੇ ਇਨਕਾਰ ਵਿਚ ਇਹੀ ਪਾਪ ਕੀਤਾ ਸੀ; ਪਰ ਉਸ ਨੂੰ ਮਾਫ਼ ਕਰ ਦਿੱਤਾ ਗਿਆ, ਜਿਸ ਕਰਕੇ ਉਹ ਆਪਣੇ ਪਾਪ ਲਈ ਹਮੇਸ਼ਾ ਲਈ ਕਸੂਰਵਾਰ ਨਹੀਂ ਠਹਰਿਆ (ਮੱਤੀ 26:69–75)।

ਕੁਫ਼ਰ ਦਾ ਇਕ ਸਵਾਲ ਇਹ ਹੈ ਕਿ ''ਗ੍ਰੰਥੀਆਂ ਨੇ ਕਿਵੇਂ ਕੁਫ਼ਰ ਬਕਿਆ ਸੀ?'' ਉਨ੍ਹਾਂ ਨੇ ਉਸ ਨੂੰ ਜੋ ਕਿ ਮਸੀਹ ਵੱਲੋਂ ਸਾਫ਼ ਤੌਰ ਤੇ ਖ਼ੁਦਾ ਦਾ ਕੰਮ ਸੀ, ਸ਼ਤਾਨ ਦਾ ਦੱਸ ਕੇ ਕੁਫ਼ਰ ਬਕਿਆ। ਭਲਾ ਉਹਦੇ ਉੱਤੇ ਅਜਿਹਾ ਇਲਜ਼ਾਮ ਲਾਉਣ ਲਈ ਉਨ੍ਹਾਂ ਨੇ ਸਿਰਫ਼ ਐਵੇਂ ਹੀ ਕਹਿ ਦਿੱਤਾ ਸੀ ਜਾਂ ਉਨ੍ਹਾਂ ਦੀ ਜ਼ਬਾਨ ਫ਼ਿਸਲ ਗਈ ਸੀ? ਯਕੀਨਨ ਖ਼ੁਦਾ ਨੇ ਕਿਸੇ ਪਾਪੀ ਨੂੰ ਇਸ ਤੋਂ ਤੋਬਾ ਕਰ ਲੈਣ ਦੇ ਇਸ ਗਲਤੀ ਲਈ ਮਾਫ਼ ਕਰ ਦੇਣਾ ਸੀ। ਇਨ੍ਹਾਂ ਲੋਕਾਂ ਦੇ ਮਨ ਮੁਤਅੱਸਬ ਨਾਲ ਸਖ਼ਤ ਹੋਏ ਹੋਏ ਸਨ, ਜਿਸ ਕਰਕੇ ਇੱਥੇ ਉਨ੍ਹਾਂ ਨੇ ਖ਼ੁਦਾ ਦੇ ਚੰਗੇ ਕੰਮ ਨੂੰ ਸ਼ਤਾਨ ਦਾ ਕੰਮ ਦੱਸਿਆ।

ਨਿਚੋੜ ਇਹ ਹੈ ਕਿ ਸਪੱਸ਼ਟ ਸਚਿਆਈ ਦੇ ਵਿਰੋਧ ਵਿਚ ਬੋਲਣ ਦਾ ਪਾਪ ਹੀ ਕੁਫ਼ਰ ਮੰਨਿਆ ਜਾਣਾ ਸੀ, ਜਿਹੜਾ ਮਨ ਦੀ ਪੂਰੀ ਕਠੋਰਤਾ ਨਾਲ ਬੋਲਿਆ ਗਿਆ ਹੋਵੇਗਾ। ਇੱਥੇ ਇਹੀ ਹੋਇਆ। ਬੇਸ਼ੱਕ ਇਨ੍ਹਾਂ ਲੋਕਾਂ ਨੂੰ ਵੀ, ਜੇ ਉਨ੍ਹਾਂ ਨੇ ਬਾਅਦ ਵਿਚ ਯਿਸੂ ਦੇ ਵਿਰੁੱਧ ਇਸ ਪਾਪ ਤੋਂ ਤੋਬਾ ਕਰ ਲਈ ਹੋਵੇ, ਤਾਂ ਉਨ੍ਹਾਂ ਨੂੰ ਮਸੀਹ ਵੱਲੋਂ ਮਾਫ਼ੀ ਮਿਲ ਜਾਣੀ ਸੀ। ਪਰ ਜੇ ਉਹ ਇਸ ਹੱਦ ਤਕ ਵਧ ਜਾਂਦੇ ਕਿ ਤੋਬਾ ਨਾ ਕਰ ਸਕਣ, ਤਾਂ ਉਹ ਬਚਾਏ ਨਹੀਂ ਜਾ ਸਕਦੇ ਸਨ; ਕਿਉਂ ਜੋ ਤੋਬਾ ਨਾ ਕਰਨ ਵਾਲਿਆਂ ਨੂੰ ਸਲੀਬ ਤੇ ਮਸੀਹ ਦੀ ਆਉਣ ਵਾਲੀ ਮੌਤ ਨਾਲ ਵੀ ਮਾਫ਼ੀ ਨਹੀਂ ਮਿਲਣੀ ਸੀ (ਇਬਰਾਨੀਆਂ 10:26)।

ਯਿਸੂ ਸਖ਼ਤ ਚਿਤਾਵਨੀ ਦੇ ਰਿਹਾ ਸੀ। ਇਕ ਅਰਥ ਵਿਚ ਉਹ ਇਹ ਕਹਿ ਰਿਹਾ ਸੀ, ''ਜੇ ਤੁਸੀਂ ਸਖ਼ਤ ਬਣੇ ਰਹਿੰਦੇ ਹੋ, ਤਾਂ ਇਕ ਅਜਿਹਾ ਸਮਾਂ ਆਏਗਾ ਕਿ ਤੁਸੀਂ ਆਤਮਾ ਦੇ ਵਿਰੁੱਧ ਕੁਫ਼ਰ ਉਵੇਂ ਵੀ ਬਕੋਗੇ ਜਿਵੇਂ ਤੁਸੀਂ ਮੇਰੇ ਵਿਰੁੱਧ ਬਕਿਆ ਹੈ, ਅਤੇ ਉਦੋਂ ਤੁਹਾਡੇ ਲਈ ਕੋਈ ਉਮੀਦ ਨਹੀਂ ਰਹੇਗੀ।''

ਇਕ ਹੋਰ ਸਵਾਲ ਹੈ,''ਮਸੀਹ ਦੇ ਵਿਰੁੱਧ ਕੁਫ਼ਰ ਬਕਣ ਨਾਲੋਂ ਵਧ ਕੇ ਆਤਮਾ ਦੇ ਵਿਰੁੱਧ ਕੁਫ਼ਰ ਬਕਣਾ ਹੋਰ ਵੀ ਮਾੜਾ ਕਿਉਂ ਹੋਣਾ ਸੀ?'' ਭਲਾ 3:29 ਵਿਚ ਖ਼ੁਦਾ ਦਾ ਪਵਿੱਤਰ ਆਤਮਾ ਨਾਲੋਂ ਛੋਟਾ ਰੂਪ ਹੈ? ਬਾਈਬਲ ਦੀ ਸਿੱਖਿਆ ਤੋਂ ਜੋ ਸਾਨੂੰ ਪਤਾ ਲਗਦਾ ਹੈ ਉਹ ਸਾਨੂੰ ਪੂਰੀ ਤਰ੍ਹਾਂ ਨਾਲ ਅਜਿਹੇ ਵਿਚਾਰ ਨੂੰ ਨਕਾਰਨ ਲਈ ਮਜਬੂਰ ਕਰਦਾ ਹੈ। ਇਹਦੀ ਇਕ ਥੋੜ੍ਹੀ ਜਿਹੀ ਵਿਆਖਿਆ ਇਹ ਹੈ ਕਿ ਆਤਮਾ ਅਜੇ ਪੂਰੀ ਤਰ੍ਹਾਂ ਨਾਲ ਵਿਖਾਇਆ ਨਹੀਂ ਗਿਆ ਸੀ (ਯੂਹੰਨਾ 7:39), ਨਾ ਹੀ ਮਨੁੱਖਾਂ ਵਿਚ ਪਵਿੱਤਰ ਆਤਮਾ ਦਾ ਕੰਮ ਰਸੂਲਾਂ ਦੇ ਰਾਹੀਂ ਪੂਰਾ ਹੋਇਆ ਸੀ। ਛੇਤੀ ਹੀ ਪਵਿੱਤਰ ਆਤਮਾ ਨੇ ਰਸੂਲਾਂ ਦੇ ਰਾਹੀਂ ਵਿਖਾਈ ਦੇਣ ਵਾਲੇ ਢੰਗ ਨਾਲ ਕੰਮ ਕਰਨਾ ਸੀ। ਉਦੋਂ ਸਾਰਿਆਂ ਨੇ ਇਹ ਵੇਖ ਅਤੇ ਯਕੀਨ ਕਰ ਸਕਣਾ ਸੀ ਕਿ ਰਸੂਲ ਖ਼ੁਦਾ ਦੇ ਘੱਲੇ ਹੋਏ ਹਨ। ਮਸੀਹ ਵਿਚ ਉਹ ਪਹਿਲਾਂ ਹੀ ਕੰਮ ਕਰ ਰਿਹਾ ਸੀ (ਲੂਕਾ 4:14, 18; 10:21; ਯੂਹੰਨਾ 3:34)। ਇਹ ਬਿਲਕੁਲ ਸਾਫ਼ ਸੀ, ਕਿਉਂ ਜੋ ਯੂਹੰਨਾ 3:34 ਤੋਂ ਪਤਾ ਲਗਦਾ ਹੈ ਕਿ ਉਸ ਨੂੰ ਪਵਿੱਤਰ ਆਤਮਾ ''ਮਿਣ ਕੇ ਨਹੀਂ'' ਦਿੱਤਾ ਗਿਆ ਸੀ, ਇਹਦਾ ਮਤਲਬ ਇਹ ਹੋਇਆ ਕਿ ਪਵਿੱਤਰ ਆਤਮਾ ਦੀ ਸਮਰੱਥਾ ਪੂਰੀ ਤਰ੍ਹਾਂ ਨਾਲ ਉਹਦੇ ਵਿਚ ਅਤੇ ਉਹਦੇ ਰਾਹੀਂ ਕੰਮ ਕਰ ਰਹੀ ਸੀ।

ਜਦ ਆਤਮਾ ਰਸੂਲਾਂ ਉੱਤੇ ਇਵੇਂ ਉੱਤਰਿਆ ਜਿਵੇਂ ''ਬਪਤਿਸਮਾ'' ਵਿਚ ਹੁੰਦਾ ਹੈ, ਤਾਂ ਇਹ ਖ਼ੁਦਾ ਦੀ ਮਾਫ਼ੀ ਦੇ ਜ਼ਰੀਏ ਦੀ ਆਖ਼ਰੀ ਪੇਸ਼ਕਸ਼ ਦੇ ਨਾਲ ਆਖ਼ਰੀ ਯੁੱਗ ਦੀ ਸ਼ੁਰੂਆਤ ਦਾ ਸੰਕੇਤ ਸੀ। ਇਹ ਸਿਰਫ਼ ਇਸ ਕਰਕੇ ਜੇ ਕੋਈ ਆਤਮਾ ਦੀ ਇਸ ਪੇਸ਼ਕਸ਼ ਦੇ ਵਿਰੋਧ ਵਿਚ ਆਪਣੇ ਮਨ ਨੂੰ ਸਖ਼ਤ ਕਰ ਲੈਂਦਾ ਹੈ ਤਾਂ ਉਹ ਆਤਮਾ ਦੇ ਵਿਰੁੱਧ ਕੁਫ਼ਰ ਬਕ ਰਿਹਾ ਹੁੰਦਾ ਹੈ। ਜਿਹਦੇ ਲਈ ਉਸ ਨੂੰ ਛੁਟਕਾਰੇ ਦੇ ਕਿਸੇ ਹੋਰ ਜ਼ਰੀਏ ਦੀ ਪੇਸ਼ਕਸ਼ ਕਦੇ ਨਹੀਂ ਕੀਤੀ ਜਾਵੇਗੀ। ਮਸੀਹ ਦੁਬਾਰਾ ਤੋਂ ਕਿਸੇ ਦੇ

ਪਾਪਾਂ ਲਈ ਵੀ ਨਹੀਂ ਮਰੇਗਾ। ਇਸ ਕਰਕੇ ਜੇ ਕੋਈ ''ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ'' ਬੋਲਦਾ ਹੈ ਤਾਂ ਉਸ ਨੂੰ ਕਦੇ ਮਾਫ਼ ਨਹੀਂ ਕੀਤਾ ਜਾ ਸਕਦਾ।

ਤੀਜਾ ਸਵਾਲ ਹੈ '''ਜੇ ਕੋਈ ਪਵਿੱਤਰ ਆਤਮਾ ਦੇ ਵਿਰੁਧ ਕੁਫ਼ਰ ਬੋਲੇ ਉਹਨੂੰ ਕਦੇ ਵੀ ਮਾਫ਼ੀ ਨਹੀਂ ਮਿਲੇਗੀ'?'' ਦਾ ਕੀ ਮਤਲਬ ਹੈ। ਖ਼ੁਦਾ ਨੇ ਲੋਕਾਂ ਦੇ ਮਨਾਂ ਨੂੰ ਤਿਆਰ ਕਰਨ ਅਤੇ ਬਹੁਤਿਆਂ ਨੂੰ ਤੋਬਾ ਲਈ ਅੱਗੇ ਲਿਆਉਣ ਲਈ ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਘੱਲਿਆ। ਯਹੂਦੀਆਂ ਦੀ ਵੱਡੀ ਭੀੜ ਵਿਚ ਉਹ ਕਾਮਯਾਬ ਹੋ ਗਿਆ, ਕਿਉਂ ਜੋ ਉਹ ਉਸ ਨੂੰ ਨਬੀ ਮੰਨਦੇ ਸਨ (ਮੱਤੀ 21:23–26)। ਸੰਭਵ ਹੈ ਕਿ ਚੌਥੇ ਹਿੱਸੇ ਦੇ ਹਾਕਮ ਹੇਰੋਦੇਸ ਨੂੰ ਪਤਾ ਸੀ ਕਿ ਯਹੂਦੀ ਲੋਕ ਯੂਹੰਨਾ ਨੂੰ ਗਿਰਫ਼ਤਾਰ ਕਰਕੇ ਉਸ ਨੂੰ ਮਾਰ ਸੁੱਟਣ ਦੀ ਉਸ ਨੂੰ ਪਰਵਾਨਗੀ ਦੇ ਦੇਣਗੇ (ਵੇਖੋ ਮਰਕੁਸ 6:14–29)।

ਖ਼ੁਦਾ ਨੇ ਤਦ ਆਪਣੇ ਪੁੱਤਰ ਨੂੰ ਆਪਣੀ ਸੇਵਕਾਈ ਅਰੰਭ ਕਰਨ ਅਤੇ ਲੋਕਾਂ ਦੇ ਮਨਾਂ ਨੂੰ ਤਿਆਰ ਕਰਨ ਲਈ ਘੱਲਿਆ ਅਤੇ ਜੋ ਕੁਝ ਯੂਹੰਨਾ ਨਾਲ ਹੋਇਆ ਉਹੀ ਉਹਦੇ ਨਾਲ ਵੀ ਹੋਇਆ। ਉਨ੍ਹਾਂ ਯਹੂਦੀ ਆਗੂਆਂ ਨੇ ਨਾ ਸਿਰਫ਼ ਯਿਸੂ ਦਾ ਕਤਲ ਹੋਣ ਦਿੱਤਾ ਬਲਕਿ ਇਸ ਨੂੰ ਹਲਾਸ਼ੇਰੀ ਵੀ ਦਿੱਤੀ।

ਫਿਰ ਪਿੰਤੇਕੁਸਤ ਵਾਲੇ ਦਿਨ ਖ਼ੁਦਾ ਨੇ ਇੰਜੀਲ ਦੇ ਰਾਹੀਂ ਲੋਕਾਂ ਨੂੰ ਬਦਲਣ ਦਾ ਕੰਮ ਆਰੰਭ ਕਰਨ ਲਈ ਪਵਿੱਤਰ ਆਤਮਾ ਨੂੰ ਘੱਲਿਆ (ਕਰਤੱਬ 2:4–38)। ਬਹੁਤਿਆਂ ਨੇ ਉਸ ਦਿਨ ਉਸ ਸੰਦੇਸ਼ ਨੂੰ ਕਬੂਲ ਕਰਕੇ ਉਸ ਨੂੰ ਮੰਨ ਲਿਆ, ਭਾਵੇਂ ਪਹਿਲਾਂ ਉਨ੍ਹਾਂ ਨੇ ਮਸੀਹ ਨੂੰ ਮਾਰ ਸੁੱਟਿਆ (ਕਰਤੱਬ 2:36)।

ਪਰ ਧਾਰਮਿਕ ਆਗੂਆਂ ਨੇ ਰਸੂਲਾਂ ਨੂੰ ਜੇਲ੍ਹ ਵਿਚ ਸੁੱਟ ਕੇ, ਖ੍ਰਿਸਟੁਸ ਨੂੰ ਮਾਰ ਕੇ ਅਤੇ ਦੂਜਿਆਂ ਨੂੰ ਮਾਰਨ ਦੀ ਕੋਸ਼ਿਸ਼ ਕਰਕੇ (ਜੋ ਕਿ ਉਨ੍ਹਾਂ ਨੇ ਕੁਝ ਦੇਰ ਤਕ ਸੌਲੁਸ/ਪੌਲੁਸ ਦੇ ਰਾਹੀਂ ਕੀਤਾ) ਜਵਾਬ ਦਿੱਤਾ। ਅਖ਼ੀਰ ਵਿਚ ਉਨ੍ਹਾਂ ਨੇ ਮਾਫ਼ੀ ਦੀਆਂ ਤਿੰਨ ਵੱਖੋ–ਵੱਖ ਪੇਸ਼ਕਸ਼ਾਂ ਨੂੰ ਠੁਕਰਾ ਕੇ, ਪਿਤਾ, ਪੁੱਤਰ ਅਤੇ ਆਤਮਾ ਦੇ ਵਿਰੁੱਧ ਪਾਪ ਕੀਤਾ। ਯਿਸੂ ਦੀ ਉਨ੍ਹਾਂ ਨੂੰ ਮਾਫ਼ ਕਰਨ ਦੀ ਦੁਆ ਨਾਲ ਉਨ੍ਹਾਂ ਨੂੰ ਮਾਫ਼ੀ ਕਿਵੇਂ ਮਿਲ ਸਕਦੀ ਸੀ ਜੇ ਉਹ ਐਨੇ ਸਖ਼ਤ ਸਨ ਕਿ ਤੋਬਾ ਨਹੀਂ ਕਰ ਸਕਦੇ ਸਨ। ਜੇ ਉਹ ਸਲੀਬ ਦੇ ਰਾਹੀਂ ਕੀਤੀ ਗਈ ਪੇਸ਼ਕਸ਼ ਨੂੰ ਪੂਰੀ ਤਰ੍ਹਾਂ ਨਾਲ ਠੁਕਰਾਉਂਦੇ ਰਹਿੰਦੇ ਤਾਂ ਉਨ੍ਹਾਂ ਨੇ ਅਜਿਹੇ ਪਾਪ ਦੇ ਦੋਸ਼ੀ ਹੋਣਾ ਸੀ ਜਿਹਦੇ ਲਈ ''ਕਦੇ ਵੀ ਮਾਫ਼ੀ ਨਹੀਂ'' ਹੋਣੀ ਸੀ (3:29)। ਸਿਰਫ਼ ਖ਼ੁਦਾ ਹੀ ਜਾਣਦਾ ਹੈ ਕਿ ਇਹ ਅਦਿੱਖ ਰੇਖਾ ਕਦੋਂ ਪਾਰ ਹੋਈ; ਅਸੀਂ ਜੋ ਕਿ ਮਨੁੱਖ ਹਾਂ, ਨਹੀਂ ਦੱਸ ਸਕਦੇ। ਸਾਡੇ ਲਈ ਲੋਕਾਂ ਨੂੰ ਸਿਖਾਉਂਦੇ ਰਹਿਣਾ ਜ਼ਰੂਰੀ ਹੈ ਜਦ ਉਹ ਪੂਰੀ ਤਰ੍ਹਾਂ ਨਾਲ ਸਾਨੂੰ ਨਕਾਰ ਨਹੀਂ ਦਿੰਦੇ।

ਵਿਚਾਰ ਕੀਤੇ ਜਾਣ ਲਈ ਇਕ ਚੌਥਾ ਸਵਾਲ ਹੈ, ''ਇਸ ਕੁਫ਼ਰ ਦੇ ਹੋਰ ਕੀ ਕੀ ਵਿਚਾਰ ਹਨ?'' ਕਈਆਂ ਦਾ ਮੰਨਣਾ ਹੈ ਕਿ ਸਿਰਫ਼ ਮਸੀਹ ਜਾਂ ਆਤਮਾ ਦੇ ਵਿਰੁੱਧ ਇਕ ਵਾਰ ਬੋਲਣਾ 3:29 ਵਿਚ ਦੱਸਿਆ ਗਿਆ ਪਾਪ ਹੈ ਜਿਸਦੀ ''ਕਦੇ ਵੀ ਮਾਫ਼ੀ ਨਹੀਂ ਮਿਲੇਗੀ।'' ਇਹ ਯਕੀਨ ਨਾ ਪਾਉਣ ਵਾਲਾ ਲਗਦਾ ਹੈ। ਇਹ ਸਿਰਫ਼ ਇੱਕੋ ਵਾਰ ਬੋਲ ਦੇਣਾ ਕਿਸੇ ਨੂੰ ਹਮੇਸ਼ਾ ਲਈ ਕਸੂਰਵਾਰ ਠਹਿਰਾਉਣ ਵਾਲਾ ਹੋ ਸਕਦਾ ਹੈ। ਇਹ 3:28 ਵਿਚ ਕਹੀ ਯਿਸੂ ਦੀ ਗੱਲ ਦੇ ਵਿਰੋਧ ਵਿਚ ਹੋਣਾ ਹੈ। ਰਸੂਲਾਂ ਦੇ ਕਰਤੱਬ ਵਿਚ ਮਨਬਦਲੀਆਂ ਦਾ ਅਧਿਐਨ ਕਰਨ ਤੇ ਪਤਾ ਲੱਗੇਗਾ ਕਿ ਮਸੀਹ ਦਾ ਕਤਲ ਕਰਨ ਦੇ ਬਾਵਜੂਦ ਲੋਕਾਂ ਨੂੰ ਕਿਵੇਂ ਮਾਫ਼ੀ ਦਿੱਤੀ ਗਈ। ਯਕੀਨਨ ਕੋਈ ਵੀ ਪਾਪ ਅਜਿਹਾ ਨਹੀਂ ਹੈ ਜਿਹੜਾ ਮਾਫ਼ ਨਾ ਕੀਤਾ ਜਾ ਸਕੇ; ਯਿਸੂ ਦੇ ਇਹ ਕਹਿਣ ਦੇ ਪਿੱਛੇ ਜ਼ਰੂਰ ਕੋਈ ਹੋਰ ਗੱਲ ਹੋਵੇਗੀ ਕਿ ''ਕਦੇ ਵੀ ਮਾਫ਼ੀ ਨਹੀਂ ਹੋਵੇਗੀ।''

ਹੋਰਨਾਂ ਦਾ ਮੰਨਣਾ ਹੈ ਕਿ ਜਿਸ ਪਾਪ ਦੀ ਗੱਲ ਕੀਤੀ ਗਈ ਹੈ ਉਹ ਇੰਜੀਲ ਨੂੰ ਠੁਕਰਾਉਣ ਦਾ ਪਾਪ ਹੈ। ਇਕ ਵਾਰ ਇਸ ਨੂੰ ਠੁਕਰਾਉਣਾ ਪਾਪ ਨਹੀਂ ਹੋ ਸਕਦਾ; ਕਿਉਂ ਜੋ ਬਹੁਤਿਆਂ ਨੇ ਅਜਿਹਾ ਕੀਤਾ ਹੈ ਅਤੇ ਬਾਅਦ ਵਿਚ ਆਪਣੀ ਆਤਮਾ ਦੀ ਮੁਕਤੀ ਲਈ ਇਸ ਦੇ ਹੁਕਮ ਨੂੰ ਮੰਨ ਲਿਆ ਹੈ। ਇੰਜੀਲ ਦੀ ਬਚਾਉਣ ਵਾਲੀ ਸ਼ਕਤੀ ਵਿਚ ਕੋਈ ਕਮੀ ਨਹੀਂ ਹੈ; ਕਮੀ ਉਨ੍ਹਾਂ ਲੋਕਾਂ ਵਿਚ ਹੈ ਜਿਹੜੇ

ਦਿਮਾਗ ਦੇ ਅੰਨ੍ਹਾ ਹੋਣ ਅਤੇ ਮਨ ਦੇ ਸਖ਼ਤ ਹੋਣ ਕਰਕੇ, ਇਸ ਦੇ ਸਬੂਤ ਨੂੰ ਕਬੂਲ ਨਹੀਂ ਕਰਦੇ (ਵੇਖੋ ਯੂਹੰਨਾ 12:40; 2 ਕੁਰਿੰਥੀਆਂ 4:3, 4)।

ਭਲਾ ਮਾਫ਼ ਨਾ ਕੀਤੇ ਜਾ ਸਕਣ ਵਾਲਾ ਪਾਪ ਮਰਨ ਤੋੜੀ ਹੁਕਮ ਮੰਨਣ ਨੂੰ ਟਾਲਦੇ ਰਹਿਣਾ ਹੈ? ਬਾਈਬਲ ਵਿਚ ਕਈ ਥਾਂ ਇਹ ਸਪੱਸ਼ਟ ਹੈ ਕਿ ਮੌਤ ਦੇ ਸਮੇਂ ਅਜਿਹਾ ਪਾਪ ਮਾਫ਼ ਨਾ ਕੀਤੇ ਜਾਣ ਵਾਲਾ ਪਾਪ ਬਣ ਸਕਦਾ ਹੈ। ਮੌਤ ਦੇ ਸਮੇਂ ਤਕ ਪਾਪ ਵਿਚ ਬਣੇ ਰਹਿਣ ਦਾ ਮਤਲਬ ਇਹ ਹੈ ਕਿ ਉਸ ਦੀ ਮੌਤ ਉਵੇਂ ਹੀ ਹੋਈ ਜਿਵੇਂ ਉਹ ਜ਼ਿੰਦਾ ਰਿਹਾ ਅਤੇ ਸਾਫ਼ ਹੈ ਕਿ ਉਸ ਨੂੰ ਤੋਬਾ ਕਰਕੇ ਬਚਾਏ ਜਾਣ ਦਾ ਕੋਈ ਹੋਰ ਮੌਕਾ ਨਹੀਂ ਮਿਲਿਆ (ਵੇਖੋ ਇਬਰਾਨੀਆਂ 9:27)।[24] ਪਰ ਮੌਤ ਤੋਂ ਪਹਿਲਾਂ ਪਹਿਲਾਂ, ਟਾਲਦੇ ਰਹਿਣ ਵਾਲਾ ਵਿਅਕਤੀ ਤੋਬਾ ਕਰਕੇ ਬਚਾਇਆ ਜਾ ਸਕਦਾ ਹੈ।

ਕੁਝ ਲੋਕ ਆਪਣੇ ਪਾਪਾਂ ਤੋਂ ਤੋਬਾ ਨਹੀਂ ਕਰ ਸਕਦੇ ਅਤੇ ਨਾ ਹੀ ਤੋਬਾ ਕਰਨਗੇ। ਉਹ ਇਸ ਹੱਦ ਤਕ ਪਹੁੰਚ ਚੁੱਕੇ ਹਨ, ਜਿੱਥੋਂ ਵਾਪਸ ਨਹੀਂ ਮੁੜ ਸਕਦੇ।

## "ਕੌਣ ਹੈ ਮੇਰੀ ਮਾਤਾ ਅਤੇ ਮੇਰੇ ਭਰਾ ?" (3:31-35)[25]

**31ਤਦ ਉਹ ਦੀ ਮਾਤਾ ਅਰ ਉਹ ਦੇ ਭਰਾ ਆਏ ਅਤੇ ਬਾਹਰ ਖੜੋ ਕੇ ਉਹ ਨੂੰ ਬੁਲਾ ਭੇਜਿਆ**
**32ਅਤੇ ਬਹੁਤ ਲੋਕ ਉਹ ਦੇ ਚੁਫੇਰੇ ਬੈਠੇ ਸਨ ਸੋ ਉਹ ਨੂੰ ਆਖਣ ਲੱਗੇ, ਵੇਖ ਤੇਰੀ ਮਾਂ ਅਤੇ ਤੇਰੇ ਭਰਾ**
**ਬਾਹਰ ਤੈਨੂੰ ਢੂੰਡਦੇ ਹਨ 33ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਕੌਣ ਹੈ ਮੇਰੀ ਮਾਤਾ ਅਤੇ ਮੇਰੇ ਭਰਾ?**
**34ਅਤੇ ਉਸ ਨੇ ਉਨ੍ਹਾਂ ਵੱਲ ਜਿਹੜੇ ਉਸ ਦੇ ਆਲੇ ਦੁਆਲੇ ਬੈਠੇ ਸਨ ਚੌਹੀਂ ਪਾਸੀਂ ਨਿਗਾਹ ਕਰ ਕੇ**
**ਆਖਿਆ, ਔਹ ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ 35ਕਿਉਂਕਿ ਜੋ ਕੋਈ ਪਰਮੇਸ਼ੁਰ ਦੀ ਮਰਜ਼ੀ ਉੱਤੇ**
**ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ।**

**ਆਇਤਾਂ 31, 32.** ਆਇਤ 21 ਯਿਸੂ ਦੇ ਦੋਸਤਾਂ ਜਾਂ ਰਿਸ਼ਤੇਦਾਰਾਂ ਦੀ ਗੱਲ ਕਰਦੀ ਹੋ ਸਕਦੀ ਹੈ ਜਿਹੜੇ ਘਰੋਂ ਉਸ ਨੂੰ ਉਸ ਖ਼ਤਰਨਾਕ ਰਸਤੇ ਤੋਂ ਜਿਸ ਤੇ ਉਹ ਚੱਲ ਰਿਹਾ ਸੀ ਮੋੜਨ ਲਈ ਨਿੱਕਲੇ ਸਨ, ਜਦਕਿ ਆਇਤ 31 ਉਨ੍ਹਾਂ ਦੇ ਪਹੁੰਚ ਜਾਣ ਬਾਰੇ ਦੱਸਦੀ ਹੈ। ਜੇ ਆਇਤ 21 ਵਾਲੇ ਲਕੋ ਹੋਰ ਸਨ (ਜਿਵੇਂ ਕਿ ਨਾਸਰਤ ਦੇ ਲੋਕ) ਤਾਂ ਇੱਥੇ ਚਰਚਾ ਵਿਚ ਯਿਸੂ ਦੇ ਆਪਣ ਘਰ ਦੇ ਲੋਕ ਭਾਵ **ਉਸ ਦੀ ਮਾਤਾ ਅਤੇ ਉਸ ਦੇ ਭਰਾ** ਦੱਸੇ ਗਏ ਹਨ। **ਬਾਹਰ ਖੜੋ ਕੇ ਉਹ ਨੂੰ ਬੁਲਾ ਭੇਜਿਆ** ਲੂਕਾ 8:19 ਦੱਸਦਾ ਹੈ ਕਿ ਭੀੜ ਦੇ ਕਾਰਣ ਉਸ ਤਕ ਨਹੀਂ ਪਹੁੰਚ ਸਕੇ ਸਨ। ਹਰ ਥਾਂ ਭੀੜ ਹੀ ਭੀੜ ਹੋਵੇਗੀ ਜੋ ਕਿ ਗਲੀਲ ਅਤੇ ਆਲੇ ਦੁਆਲੇ ਦੇ ਲੋਕਾਂ ਵਿਚ ਯਿਸੂ ਦੇ ਮਸ਼ਹੂਰ ਹੋ ਜਾਣ ਦਾ ਸੰਕੇਤ ਦਿੰਦਾ ਹੈ। ਭੀੜ ਵਿੱਚੋਂ ਲੋਕਾਂ ਨੇ ਉਸ ਨੂੰ ਦੱਸਿਆ, **ਵੇਖ ਤੇਰੀ ਮਾਂ ਅਤੇ ਤੇਰੇ ਭਰਾ ਬਾਹਰ ਤੈਨੂੰ ਢੂੰਡਦੇ ਹਨ।**

ਇਹ ਗੱਲ ਕਿ ਉਹਦੇ ਆਲੇ ਦੁਆਲੇ ਆਉਣ ਵਾਲੇ ਲੋਕ ਅਸਲ ਵਿਚ ਉਸ ਦੇ ਭਰਾ ਸਨ, 6:3 ਤੋਂ ਸਾਫ਼ ਹੋ ਜਾਂਦੀ ਹੈ। ਅਪ੍ਰਮਾਣਕ ਪਤਰਸ ਦੀ ਇੰਜੀਲ (ਦੂਜੀ ਸਦੀ ਦੇ ਮੱਧ ਦੀ ਇਕ ਖੋਜ) ਵਿਚ ਸੰਕੇਤ ਹੈ ਕਿ ਇਹ ਯੂਸੁਫ਼ ਦੇ ਪਿਛਲੇ ਵਿਆਹ ਵਿੱਚੋਂ ਹੋਏ ਉਸ ਦੇ ਬੱਚੇ ਸਨ। 380 ਈਸਵੀ ਦੇ ਲਗਭਗ ਏਪੀਫੇਨਿਉਸ ਨੇ ਦਲੀਲ ਦਿੱਤੀ ਕਿ ਇਹ ਬੱਚੇ ਯੂਸੁਫ਼ ਦੇ ਸਨ ਪਰ ਮਰੀਅਮ ਦੇ ਨਹੀਂ।[26] ਜੇਰੋਮ (347–420 ਈਸਵੀ) ਨੇ ਸੁਝਾਅ ਦਿੱਤਾ ਕਿ ਉਹ ਪ੍ਰਭੂ ਦੇ ਭਰਾ ਲਗਦੇ ਹਨ।[27] ਉਸ ਸਮੇਂ ਇਸ ਨਵੇਂ ਵਿਚਾਰ ਨੂੰ ਅਪਨਾਉਣ ਦੀ ਪ੍ਰੇਰਣਾ ਮਰੀਅਮ ਦੀ ਅਸਲ ਪਵਿੱਤਰਤਾਈ ਦੇ ਨਿਸ਼ਾਨ ਦੇ ਤੌਰ ਤੇ ਉਸ ਦੇ ਆਦਿ ਕੁਆਰੀ ਹੋਣ ਦੀ ਵਧਦੀ ਧਾਰਣਾ। ਇਸ ਤੱਥ ਨੂੰ ਮੰਨਕੇ ਕਿ ਬਾਅਦ ਵਿਚ ਮਰੀਅਮ ਦੇ ਹੋਰ ਬੱਚੇ ਹੋਏ, ਕਿਸੇ ਵੀ ਤਰ੍ਹਾਂ ਨਾਲ ਕੁਆਰੀ ਤੋਂ ਜਨਮ ਦੀ ਗੱਲ ਵਿਚ ਕੋਈ ਰੁਕਾਵਟ ਨਹੀਂ ਆਉਂਦੀ। ਮਰੀਅਮ ਦੇ ਕੁਆਰੀ ਰਹਿਣ ਦੀ ਸਿੱਖਿਆ ਮਰੀਅਮ ਮਿਮਾਨਸਾ ਦੇ ਸ਼ੁਰੂਆਤੀ ਦਿਨਾਂ

ਵਿਚ ਮਰੀਅਮ ਨੂੰ ਵਡਿਆਈ ਦੇਣ ਦੀ ਸਿੱਖਿਆ ਫੈਲ ਗਈ।[28] ਮੱਤੀ 1:24, 25 ਵਿਚ ਇਸ ਦਿਸ਼੍ ਦਾ ਵਰਣਨ ਕੀਤਾ ਗਿਆ ਹੈ: ''ਤਦੋਂ ਯੂਸੁਫ਼ ਨੇ ਸੁੱਤਿਉਂ ਉੱਠ ਕੇ ਜਿਵੇਂ ਪ੍ਰਭੂ ਦੇ ਦੂਤ ਨੇ ਉਸ ਨੂੰ ਆਗਿਆ ਦਿੱਤੀ ਸੀ ਤਿਵੇਂ ਹੀ ਕੀਤਾ ਅਰ ਆਪਣੀ ਪਤਨੀ ਨੂੰ ਆਪਣੇ ਘਰ ਲਿਆਇਆ। ਅਤੇ *ਉਹਨੂੰ ਨਾ ਜਾਣਿਆ ਜਿੰਨਾ ਚਿਰ ਉਹ ਪੁੱਤਰ ਨਾ ਜਣੀ* ਅਤੇ ਉਹਦਾ ਨਾਮ ਯਿਸੂ ਰੱਖਿਆ'' (ਜ਼ੋਰ ਦਿੱਤਾ ਗਿਆ ਹੈ)। ''ਪਲੋਠਾ ਪੁੱਤਰ'' (KJV) ਸ਼ਬਦ ਦਾ ਅਰਥ ਹੈ ਕਿ ਉਹਦੇ ਹੋਰ ਬੱਚੇ ਸਨ। ਵਚਨ ਵਿਚ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਉਹ ਸਦਾ ਕੁਆਰੀ ਸੀ।

**ਆਇਤਾਂ 33-35.** ਮਰੀਅਮ ਨੂੰ ਇਸ ਦਾ ਸਿਹਰਾ ਮਿਲਦਾ ਰਹੇਗਾ, ਸਾਫ਼ ਤੌਰ ਤੇ ਉਸ ਨੇ ਇੱਕੋ ਵਾਰ ਆਪਣੇ ਪੁੱਤਰ ਨੂੰ ਉਸ ਦੀ ਸੇਵਕਾਈ ਤੋਂ ਰੋਕਣ ਦੀ ਕੋਸ਼ਿਸ਼ ਕੀਤੀ, ਜਿਹਦੇ ਬਾਰੇ ਦੋਹਾਂ ਨੂੰ ਪਤਾ ਹੋਵੇਗਾ ਕਿ ਅੰਤ ਉਸ ਦੀ ਮੌਤ ਹੋਣਾ ਸੀ। ਲੂਕਾ 2:25–35 ਵਿਚ ਸਿਮਓਨ ਨੂੰ ਮਿਲਿਆ ਮੁਕਾਸ਼ਫ਼ਾ ਉਹਦੇ ਮਨ ਵਿਚ ਕਈ ਸਾਲਾਂ ਤਕ ਬੋਝ ਬਣਿਆ ਰਿਹਾ ਹੋਵੇਗਾ। ਆਇਤਾਂ 34 ਅਤੇ 35 ਵਿਚ, ਉਸ ਨੇ ਉਸ ਨੂੰ ਦੱਸਿਆ: ''ਵੇਖ ਇਹ ਬਾਲਕ ਇਸਰਾਏਲ ਵਿਚ ਬਹੁਤਿਆਂ ਦੇ ਡਿੱਗਣ ਅਤੇ ਉੱਠਣ ਦੇ ਲਈ ਠਹਿਰਾਇਆ ਹੋਇਆ ਹੈ ਅਤੇ ਇਕ ਨਿਸ਼ਾਨ ਲਈ ਜਿਹ ਦੇ ਵਿਰੁੱਧ ਗੱਲਾਂ ਹੋਣਗੀਆਂ। ਸਗੋਂ ਤਲਵਾਰ ਤੇਰੀ ਜਿੰਦ ਦੇ ਵਿੱਚੋਂ ਵੀ ਫਿਰ ਜਾਵੇਗੀ ਤਾਂ ਜੋ ਬਹੁਤਿਆਂ ਦੇ ਮਨਾਂ ਦੀਆਂ ਸੋਚਾਂ ਪਰਗਟ ਹੋ ਜਾਣ।'' ਮਰੀਅਮ ਇਸ ਨਬੂਵਤ ਨੂੰ ਭੁਲਾ ਨਹੀਂ ਸਕੀ ਹੋਵੇਗੀ। ਇਕ ਮਾਂ ਦੇ ਦਿਲ ਵਿਚ ਇਹ ਕਿੰਨੀ ਖ਼ਤਰਨਾਕ ਗੱਲ ਰਹੀ ਹੋਵੇਗੀ!

ਯਿਸੂ ਆਪਣੀ ਮਾਂ ਨਾਲ ਪਿਆਰ ਕਰਦਾ ਸੀ, ਪਰ ਉਹਨੇ ਉਹਦੇ ਜਜ਼ਬਾਤਾਂ ਨੂੰ ਆਪਣੇ ਕੰਮ ਤੇ ਹਾਵੀ ਨਹੀਂ ਹੋਣ ਦਿੱਤਾ। (ਵੇਖੋ ਯੂਹੰਨਾ 2:1–11; 19:26, 27)। ਉਸ ਨੇ ਇਸ ਨਾਜ਼ੁਕ ਹਾਲਤ ਦੀ ਵਰਤੋਂ ਇਕ ਸਬਕ ਦੇਣ ਲਈ ਕੀਤੀ ਕਿ ਉਸ ਵੱਡੇ ਕੰਮ ਨੂੰ ਜਿਹਦੇ ਲਈ ਖ਼ੁਦਾ ਨੇ ਉਸ ਨੂੰ ਚੁਣਿਆ ਸੀ, ਕਰਨ ਅਤੇ ਲੋਕਾਂ ਨੂੰ ਬਚਾਉਣ ਤੋਂ ਉਸ ਤੋਂ ਕੋਈ ਚੀਜ਼ ਰੋਕ ਨਹੀਂ ਸਕਦੀ ਸੀ। **ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਕੌਣ ਹੈ ਮੇਰੀ ਮਾਤਾ ਅਤੇ ਮੇਰੇ ਭਰਾ? ਅਤੇ ਉਸ ਨੇ ਉਨ੍ਹਾਂ ਵੱਲ ਜਿਹੜੇ ਉਸ ਦੇ ਆਲੇ ਦੁਆਲੇ ਬੈਠੇ ਸਨ ਚੌਹੀਂ ਪਾਸੀਂ ਨਿਗਾਹ ਕਰ ਕੇ ਆਖਿਆ, ਔਹ ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ।** ਸਾਫ਼ ਹੈ ਕਿ ਆਪਣੇ ਭਰਾਵਾਂ ਅਤੇ ਭੈਣਾਂ ਨਾਲ ਆਪਣੇ ਰਿਸ਼ਤੇ ਨਾਲੋਂ ਵਧ ਕੇ ਉਹ ਆਪਣੇ ਚੇਲਿਆਂ ਨਾਲ ਆਪਣੇ ਰੂਹਾਨੀ ਸਬੰਧ ਨੂੰ ਬਹੁਤੀ ਅਹਿਮੀਅਤ ਦਿੰਦਾ ਸੀ (ਘੱਟੋ–ਘੱਟ ਇੱਥੇ; 3:33–35; ਵੇਖੋ ਮੱਤੀ 12:46–50)।

ਲੂਕਾ 11:27, 28 ਵਿਚ ਇਕ ਦਿਲਚਸਪ ਗੱਲਬਾਤ ਮਿਲਦੀ ਹੈ। ਇਕ ਔਰਤ ਦੀ ਤਾਰੀਫ਼ ਦੇ ਜਵਾਬ ਵਿਚ ਯਿਸੂ ਨੇ ਹੈਰਾਨ ਕਰ ਦੇਣ ਵਾਲੀ ਟਿੱਪਣੀ ਕੀਤੀ:

> ਅਤੇ ਐਉਂ ਹੋਇਆ ਕਿ ਜਾਂ ਉਹ ਇਹ ਗੱਲਾਂ ਕਰਦਾ ਪਿਆ ਸੀ ਤਾਂ ਭੀੜ ਵਿੱਚੋਂ ਇਕ ਤੀਵੀਂ ਬੋਲ ਉੱਠੀ ਅਤੇ ਉਸ ਨੂੰ ਕਿਹਾ ਕਿ ਧੰਨ ਹੈ ਉਹ ਕੁੱਖ ਜਿਸ ਵਿਚ ਤੂੰ ਪਿਆ ਸੈਂ ਅਤੇ ਉਹ ਦੁੱਧੀਆਂ ਜਿਨ੍ਹਾਂ ਨੂੰ ਤੈਂ ਚੁੰਘਿਆ ਸੀ! ਤਾਂ ਉਸ ਆਖਿਆ, ਹਾਂ, ਪਰ ਧੰਨ ਹੋਣਗੇ ਓਹ ਜਿਹੜੇ ਪਰਮੇਸ਼ੁਰ ਦਾ ਵਚਨ ਸੁਣਦੇ ਅਤੇ ਉਸ ਨੂੰ ਮੰਨਦੇ ਹਨ।

ਇਹ ਮੰਨ ਲੈਣਾ ਕਿ ਮਸੀਹ ਦੇ ਚੇਲਿਆਂ ਦੇ ਰੂਪ ਵਿਚ ਅਸੀਂ ਉਹਦੀ ਮਾਤਾ ਨਾਲੋਂ ਵਧ ਕੇ ਮੁਬਾਰਕ ਹਾਂ, ਸਾਡੇ ਲਈ ਬੜੇ ਮਾਣ ਦੀ ਗੱਲ ਹੈ; ਪਰ ਉਸ ਨੂੰ ਵਡਿਆਈ ਦੇਣਾ ਸਾਨੂੰ ਇਕ ਹੋਰ ਨਜ਼ਰੀਆ ਵੀ ਦਿੰਦਾ ਹੈ ਜਿਹੜਾ ਉਹਦੇ ਖ਼ੁਦਾ ਦੀ ਮਾਂ ਦੇ ਰੂਪ ਵਿਚ ਮੰਨੇ ਜਾਣ ਨਾਲੋਂ ਬਹੁਤ ਘੱਟ ਹੈ।[29]

ਮਰੀਅਮ ਸ਼ੁਰੂ ਤੋਂ ਹੀ ਜੋ ਕੁਝ ਵੇਖਦੀ ਰਹੀ ਸੀ, ਉਸ ਨਾਲ ਉਹ ਪਹਿਲਾਂ ਤੋਂ ਹੀ ਵਿਸ਼ਵਾਸੀ ਸੀ, ਜਦ ਕਿ ਯਿਸੂ ਨੂੰ ਸੁਣਨ ਲਈ ਜਮ੍ਹਾ ਹੋਣ ਵਾਲਿਆਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਨੂੰ ਵਚਨ ਸੁਨਾਉਣਾ ਜ਼ਰੂਰੀ ਸੀ। ਭਾਵੇਂ ਉਹਦੀ ਬੰਦਗੀ ਜਾਂ ''ਪੂਜਾ'' ਕਰਨ ਦੀ ਲੋੜ ਨਹੀਂ ਹੈ, ਪਰ ਮਰੀਅਮ ਅਸਲ ਵਿਚ ਮਹਾਨ ਔਰਤ ਹੈ। ਲੂਕਾ 1:30 ਵਿਚ ਇਕ ਫ਼ਰਿਸ਼ਤੇ ਨੇ ਉਸ ਨੂੰ ਆਖਿਆ,

''ਤੇਰੇ ਉੱਤੇ ਪਰਮੇਸ਼ੁਰ ਦੀ ਕਿਰਪਾ ਹੋਈ।'' ਲੂਕਾ 1:42 ਵਿਚ ਰਿਸ਼ਤੇਦਾਰੀ ਵਿੱਚੋਂ ਉਹਦੀ ਭੈਣ ਇਲੀਸਬਤ ਨੇ ਉਸ ਨੂੰ ਆਖਿਆ, ''ਮੁਬਾਰਕ ਹੈਂ ਤੂੰ ਤੀਵੀਆਂ ਵਿੱਚੋਂ, ਨਾਲੇ ਮੁਬਾਰਕ ਤੇਰੀ ਕੁੱਖ ਦਾ ਫਲ।'' ਇਹਦੇ ਬਾਵਜੂਦ ਮਰੀਅਮ ਸਿਰਫ਼ ਇਨਸਾਨ ਸੀ ਅਤੇ ਕਿਸੇ ਵੀ ਅਰਥ ਵਿਚ ''ਖ਼ੁਦਾ ਦੀ ਮਾਂ'' ਨਹੀਂ ਸੀ। ਮਰੀਅਮ ਦਾ ਆਪਣੇ ਆਪ ਨੂੰ ''ਅਧੀਨ ... ਬਾਂਦੀ'' ਦੇ ਰੂਪ ਵਿਚ ਵੇਖਣਾ ਸਹੀ ਸੀ ਜਿਸ ਨੂੰ ਇਕ ਮੁਕਤੀਦਾਤੇ ਦੀ ਲੋੜ ਸੀ (ਲੂਕਾ 1:46–49):

> ਤਾਂ ਮਰੀਅਮ ਨੇ ਆਖਿਆ–
> ਮੇਰੀ ਜਾਨ ਪ੍ਰਭੂ ਦੀ ਵਡਿਆਈ ਕਰਦੀ ਹੈ,
> ਅਤੇ ਮੇਰਾ ਆਤਮਾ ਮੇਰੇ ਮੁਕਤੀ ਦਾਤੇ ਪਰਮੇਸ਼ੁਰ ਤੋਂ ਨਿਹਾਲ ਹੋਇਆ,
> ਕਿਉਂ ਜੋ ਉਹਨੇ ਆਪਣੀ ਬਾਂਦੀ ਦੀ ਅਧੀਨਗੀ ਉੱਤੇ ਨਿਗਾਹ ਕੀਤੀ।
> ਵੇਖੋ ਤਾਂ, ਏਦੋਂ ਅੱਗੇ ਸਾਰੀਆਂ ਪੀੜ੍ਹੀਆਂ ਮੈਨੂੰ ਧੰਨ ਆਖਣਗੀਆਂ,
> ਕਿਉਂ ਜੋ ਸ਼ਕਤੀਮਾਨ ਨੇ ਮੇਰੇ ਲਈ ਵੱਡੇ ਕੰਮ ਕੀਤੇ ਹਨ, ਅਤੇ ਪਵਿੱਤਰ ਹੈ ਉਹ ਦਾ ਨਾਮ।

ਯਿਸੂ ਨੇ ਆਖਿਆ, **''ਜੋ ਕੋਈ ਪਰਮੇਸ਼ੁਰ ਦੀ ਮਰਜ਼ੀ ਉੱਤੇ ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ।''** ਉਹ ਉਹਦੇ ਲਈ ਓਨੇ ਹੀ ਅਹਿਮ ਹਨ ਜਿੰਨੇ ਉਹਦੀ ਦੁਨਿਆਵੀ ਮਾਤਾ। ਉਹ ਖ਼ੁਦਾ ਦੇ ਪਰਿਵਾਰ ਦੇ ਲੋਕ ਹਨ ਅਤੇ ਉਵੇਂ ਹੀ ਮਸੀਹ ਦੇ ਰਾਜ ਦੇ, ਜਿਸ ਨੂੰ ਕਾਇਮ ਕਰਨ ਲਈ ਉਹ ਆਇਆ।[30] ਖ਼ੁਦਾ ਅਤੇ ਮਸੀਹ ਨਾਲ ਰਿਸ਼ਤੇਦਾਰੀ ਕਲੀਸੀਆ ਅਰਥਾਤ ਪਰਿਵਾਰ ਵਿਚ ਰੂਹਾਨੀ ਸਬੰਧ ਤੇ ਅਧਾਰਿਤ ਹੈ ਜੋ ਕਿ ਪਰਮੇਸ਼ੁਰ ਅਤੇ ਮਸੀਹ ਦੇ ਰਾਜ ਵਿਚ ਮਿਲਦਾ ਹੈ, ਕਿਉਂ ਜੋ ਦੋਹਾਂ ਵਿਚ ਉਹੀ ਲੋਕ ਹਨ (ਵੇਖੋ ਅਫ਼ਸੀਆਂ 1:22, 23; 5:5)। ਇਹ ਰਿਸ਼ਤੇਦਾਰੀ ਉਸ ਦੇ ਲੋਕਾਂ ਦੇ ਨਵੇਂ ਜਨਮ ਨਾਲ ਬਣੀ ਸੀ (ਯੂਹੰਨਾ 3:3–5; ਵੇਖੋ 1 ਪਤਰਸ 1:23)।

ਜੇ ਯਿਸੂ ਘਰ ਜਾਣ ਦੀ ਬੇਨਤੀ ਮੰਨ ਕੇ ਚਲਿਆ ਗਿਆ ਹੁੰਦਾ ਤਾਂ ਉਨ੍ਹਾਂ ਅਧਿਕਾਰੀਆਂ ਨੇ ਇਹ ਕਹਿਣਾ ਸੀ, ''ਉਹਦੀਆਂ ਸਿੱਖਿਆਵਾਂ ਕਿਸੇ ਕੰਮ ਦੀਆਂ ਨਹੀਂ ਹਨ। ਉਹ ਆਪਣੇ ਪਰਿਵਾਰ ਦੀ ਮਰਜ਼ੀ ਨਾਲ ਚੱਲਦਾ ਹੈ।'' ਸਾਡੇ ਪਰਿਵਾਰਾਂ ਦੀ ਇੱਛਾ ਨਾਲੋਂ ਖ਼ੁਦਾ ਦੀ ਇੱਛਾ ਨੂੰ ਹਮੇਸ਼ਾ ਪਹਿਲ ਦਿੱਤੀ ਜਾਣੀ ਜ਼ਰੂਰੀ ਹੈ। ਅਸਲ ਵਿਚ ਇਸ ਘਟਨਾ ਵਚ ਸਿੱਖਿਆ ਜਾਣ ਵਾਲਾ ਵੱਡਾ ਸਬਕ ਇਹ ਹੈ ਕਿ ਸਾਡੀਆਂ ਜ਼ਿੰਦਗੀਆਂ ਦਾ ਸਭ ਤੋਂ ਜ਼ਰੂਰੀ ਕੰਮ ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕਰਨਾ ਹੈ।

## ਪ੍ਰਾਸੰਗਿਕਤਾ

**ਸਾਡੇ ਮਨ ਅਤੇ ਸਬੂਤ** (3: 1-6)

ਇੰਜੀਲ ਦੇ ਵਿਰਤਾਂਤਾਂ ਤੋਂ ਪਤਾ ਲਗਦਾ ਹੈ ਕਿ ਧਰਤੀ ਉਤਲੀ ਆਪਣੀ ਸੇਵਕਾਈ ਦੌਰਾਨ ਯਿਸੂ ਨੇ ਸੱਬਤ ਵਾਲੇ ਦਿਨਾਂ ਵਿਚ ਸੱਤ ਮੋਅਜਜ਼ੇ ਕੀਤੇ। ਉਹ ਮੋਅਜਜ਼ੇ ਇਹ ਹਨ: (1) ਕਫ਼ਰਨਾਹੂਮ ਦੇ ਸਿਨਾਗੋਗ ਵਿਚ ਬਦਰੂਹ ਨੂੰ ਕੱਢਣਾ (ਮਰਕੁਸ 1:21–28; ਲੂਕਾ 4:31–37); (2) ਪਤਰਸ ਦੀ ਸੱਸ ਨੂੰ ਚੰਗਿਆਈ ਦੇਣੀ (ਮੱਤੀ 8:14, 15; ਮਰਕੁਸ 1:29–31; ਲੂਕਾ 4:38, 39); (3) ਬੇਥਜ਼ਥਾ ਦੇ ਤਲਾਅ ਵਿਚ ਅੱਠਤੀ ਵਰ੍ਹਿਆਂ ਦੇ ਬਿਮਾਰ ਨੂੰ ਚੰਗਿਆਂ ਕਰਨਾ (ਯੂਹੰਨਾ 5:1–16); (4) ਸੁੱਕੇ ਹੱਥ ਵਾਲੇ ਨੂੰ ਚੰਗਿਆਂ ਕਰਨਾ (ਮੱਤੀ 12:9–14; ਮਰਕੁਸ 3:1–6; ਲੂਕਾ 6:6–11); (5) ਸਿਲੋਆਮ ਦੇ ਕੁੰਡ ਵਿਚ ਅੰਨ੍ਹੇ ਨੂੰ ਸੁਜਾਖਾ ਕਰਨਾ (ਯੂਹੰਨਾ 9:1–41); (6) ਕੁੱਬੀ ਔਰਤ ਨੂੰ ਚੰਗਿਆਂ ਕਰਨਾ (ਲੂਕਾ 13:10–17); ਅਤੇ (7) ਜਲੋਧਰੀ ਦੇ ਬਿਮਾਰ ਨੂੰ ਚੰਗਿਆਂ ਕਰਨਾ (ਲੂਕਾ 14:1–6)।

ਮੋਅਜਜ਼ਿਆਂ ਦੀ ਇਸ ਲੜੀ ਵਿਚ ਅਸੀਂ ਚੌਥੇ ਮੋਅਜਜ਼ੇ ਵਿਚ ਆ ਗਏ ਹਾਂ ਜਿਸ ਵਿਚ ਸੁੱਕੇ ਹੱਥ ਵਾਲੇ ਨੂੰ ਚੰਗਿਆਂ ਕੀਤਾ ਗਿਆ। ਮਰਕੁਸ 3 ਦੇ ਸ਼ੁਰੂ ਵਿਚ ਦੱਸੇ ਗਏ ਵਿਰਤਾਂਤ ਵਿਚ ਯਿਸੂ ਉਪਦੇਸ਼ ਦੇਣ ਲਈ ਸਿਨਾਗੋਗ ਵਿਚ ਆਇਆ ਸੀ। ਇਸ ਘਟਨਾ ਦੇ ਸਮੇਂ ਜਾਂ ਵਾਪਰਣ ਵਾਲੇ ਨਗਰ ਦਾ ਹਵਾਲਾ ਨਹੀਂ ਦਿੱਤਾ ਗਿਆ। ਬਿਹਤਰ ਅੰਦਾਜ਼ਾ ਇਹੀ ਹੋਵੇਗਾ ਕਿ ਇਹ ਘਟਨਾ ਕਫ਼ਰਨਾਹੂਮ ਦੀ ਹੈ।

ਸਿਨਾਗੋਗ ਦੇ ਅੰਦਰ ਜਾਂਦਿਆਂ ਯਿਸੂ ਨੇ ਇਕ ਆਦਮੀ ਨੂੰ ਵੇਖਿਆ ਜਿਸਦਾ ਹੱਥ ਸੁੱਕਿਆ ਹੋਇਆ ਸੀ। ਤਾਂ ਕਰਕੇ ਉਹਦੇ ਹੱਥ ਜਾਂ ਉਹਦੀ ਬਾਂਹ ਤੇ ਕਿਸੇ ਤਰ੍ਹਾਂ ਕੋਈ ਸੱਟ ਲਗ ਗਈ ਸੀ; ਜਿਸ ਨਾਲ ਸਮਾਂ ਬੀਤਣ ਤੇ ਉਹਦਾ ਹੱਥ ਸੁੱਕ ਗਿਆ ਸੀ ਅਤੇ ਬੇਕਾਰ ਹੋ ਗਿਆ। ਪਹਿਲੀ ਸਦੀ ਵਿਚ ਇਸ ਤਰ੍ਹਾਂ ਦਾ ਦੁਖਾਂਤ ਆਦਮੀ ਨੂੰ ਮੰਗਤਾ ਹੀ ਬਣਾ ਦਿੰਦਾ ਹੋਵੇਗਾ, ਕਿਉਂ ਜੋ ਉਹ ਆਪਣੇ ਅਤੇ ਆਪਣੇ ਪਰਿਵਾਰ ਲਈ ਰੋਜ਼ੀ ਨਹੀਂ ਕਮਾ ਸਕਦਾ ਹੋਵੇਗਾ। ਯਿਸੂ ਨੇ ਇਸ ਆਦਮੀ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਵੇਖਿਆ। ਫ਼ਰੀਸੀ ਜਿਹੜੇ ਕਿ ਇਹ ਵੇਖਣ ਲਈ ਕਿ ਵੇਖੀਏ ਕਿ ਉਹ ਸੱਬਤ ਵਾਲੇ ਦਿਨ ਇਸ ਆਦਮੀ ਨੂੰ ਚੰਗਾ ਕਰਦਾ ਹੈ ਜਾਂ ਨਹੀਂ, ਯਿਸੂ ਉੱਤੇ ਨਜ਼ਰ ਰੱਖਣ ਲਈ ਉੱਥੇ ਹੀ ਸਨ। ਜਿਹੜੇ ਪਹਿਲਾਂ ਹੀ ਉਸ ਦੇ ਖ਼ਿਲਾਫ਼ ਸਨ। ਪਰ ਉਹ ਉਸ ਨੂੰ ਠੁਕਰਾਉਣ ਦੇ ਹੋਰ ਕਾਰਣ ਲਭ ਰਹੇ ਸਨ। ਉਨ੍ਹਾਂ ਦੇ ਮਨਾਂ ਵਿਚ ਉਹਦੇ ਪ੍ਰਤੀ ਘਿਰਣਾ ਸੀ ਅਤੇ ਉਸ ਘਿਰਣਾ ਨੂੰ ਵਧਾਉਣ ਦੇ ਬਹਾਨੇ ਲਭਦੇ ਸਨ।

ਯਿਸੂ ਨੇ ਉਸ ਅਪਾਹਿਜ ਨੂੰ ''ਵਿਚਾਲੇ ਖੜਾ ਹੋ'' ਜਾਣ ਲਈ ਆਖਿਆ ਤਾਂ ਜੋ ਹਰ ਕੋਈ ਉਸ ਨੂੰ ਵੇਖ ਸਕੇ (3:3)। ਫਿਰ ਉਨ੍ਹਾਂ ਦੇ ਮਨ ਦੇ ਵਿਚਾਰਾਂ ਨੂੰ ਪੜ੍ਹਦਿਆਂ ਵੇਖਣ ਵਾਲਿਆਂ ਤੋਂ ਪੁੱਛਿਆ, ''ਫੇਰ ਉਹ ਨੇ ਉਨ੍ਹਾਂ ਤੋਂ ਪੁੱਛਿਆ ਕਿ ਸੱਬਤ ਦੇ ਦਿਨ ਭਲਾ ਕਰਨਾ ਜੋਗ ਹੈ ਜਾਂ ਬੁਰਾ ਕਰਨਾ? ਜਾਨ ਬਚਾਉਣੀ ਯਾ ਜਾਨ ਮਾਰਨੀ? ਪਰ ਓਹ ਚੁੱਪ ਹੀ ਰਹੇ।'' (3:4)। ਬੰਦਗੀ ਲਈ ਸਿਨਾਗੋਗ ਵਿਚ ਇਕੱਠੇ ਹੋਏ ਲੋਕਾਂ ਨੂੰ ਕੋਈ ਜਵਾਬ ਨਾ ਆਇਆ। ਖ਼ੁਦਾ ਦੇ ਪੁੱਤਰ ਯਿਸੂ ਲਈ ਉਨ੍ਹਾਂ ਦੀ ਨਫ਼ਰਤ ਉਨ੍ਹਾਂ ਦੀ ਖਾਮੋਸ਼ੀ ਵਿਚ ਆਪਣੀ ਭੈੜੀ ਸ਼ਕਲ ਵਿਖਾ ਰਹੇ ਸਨ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਯਿਸੂ ਨੇ ਥੋੜ੍ਹੀ ਦੇਰ ਲਈ ਉਨ੍ਹਾਂ ਲੋਕਾਂ ਵੱਲ ਵੇਖਿਆ ਅਤੇ ਉਨ੍ਹਾਂ ਦੇ ਮਨਾ ਦੀ ਕਠੋਰਤਾ ਉੱਤੇ ਨਰਾਜ਼ ਹੋਇਆ। ਫਿਰ ਥੋੜ੍ਹੀ ਦੇਰ ਲਈ ਉਹ ਇਸ ਗੱਲ ਤੇ ਉਦਾਸ ਹੋਇਆ ਕਿ ਕਿਸੇ ਅਪਾਹਿਜ ਵਿਅਕਤੀ ਪ੍ਰਤੀ ਇਨ੍ਹਾਂ ਧਾਰਮਿਕ ਲੋਕਾਂ ਦਾ ਇਹ ਸਲੂਕ ਕਿਵੇਂ ਹੋ ਸਕਦਾ ਹੈ (3:5)।

ਸੁੱਕੇ ਹੱਥ ਵਾਲੇ ਆਦਮੀ ਵੱਲ ਵੇਖਦੇ ਹੋਏ ਉਸ ਨੇ ਆਖਿਆ, ''ਆਪਣਾ ਹੱਥ ਲੰਮਾ ਕਰ'' (3:5)। ਹੱਥ ਬਾਹਰ ਕੱਢਦਿਆਂ ਹੀ ਉਹ ਆਦਮੀ ਇਕ ਦਮ ਚੰਗਾ ਹੋ ਗਿਆ। ਓਸ ਵੇਲੇ ਉਸ ਆਦਮੀ ਦਾ ਹੱਥ ਆਪਣੇ ਅਸਲ ਰੂਪ ਵਿਚ ਆ ਗਿਆ, ਉਹਦਾ ਰੰਗ ਠੀਕ ਹੋ ਗਿਆ ਅਤੇ ਦੂਜੇ ਹੱਥ ਜਿੰਨਾ ਹੀ ਤੰਦਰੁਸਤ ਹੋ ਗਿਆ।

ਮਸੀਹ ਲਈ ਜਿਸ ਨੇ ਸੱਬਤ ਵਾਲੇ ਦਿਨ ਕਿਸੇ ਗ਼ਰੀਬ ਨੂੰ ਚੰਗਾ ਕੀਤਾ ਸੀ, ਨਫ਼ਰਤ ਨਾਲ ਭਰੇ ਫ਼ਰੀਸੀ ਇਸ ਗੱਲ ਤੋਂ ਸੜ-ਭੁੱਜ ਕੇ ਕਿ ਯਿਸੂ ਨੇ ਕੀ ਕੀਤਾ, ਉੱਠ ਕੇ ਸਭਾ ਤੋਂ ਚਲੇ ਗਏ (3:6)। ਬਾਹਰ ਜਾਣ ਦੇ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੂੰ ਹੇਰੋਦੇਸੀ ਮਿਲ ਗਏ ਅਤੇ ਉਨ੍ਹਾਂ ਨੇ ਮਿਲ ਕੇ ਹਰ ਹਾਲ ਵਿਚ ਯਿਸੂ ਦਾ ਕਤਲ ਕਰਨ ਦੀ ਸਾਜ਼ਸ਼ ਰਚਣੀ ਸ਼ੁਰੂ ਕਰ ਦਿੱਤੀ। ਇਸ ਨਾਲੋਂ ਵਧ ਕੇ ਇਸ ਤ੍ਰਾਸਦੀ ਭਰੇ ਦ੍ਰਿਸ਼ ਦੀ ਕਲਪਨਾ ਕਰਨਾ ਮੁਸ਼ਕਿਲ ਹੋਵੇਗਾ।

ਅਦਭੁਤ ਮੁਕਤੀਦਾਤੇ, ਅਨੋਖੇ ਸੰਗ ਨਾਲ ਪ੍ਰਭਾਵਸ਼ਾਲੀ ਚੰਗਿਆਈ ਦੇਣ ਵਾਲੇ ਅਤੇ ਖ਼ੁਦਾ ਦੇ ਮਹਾਨ ਪੁੱਤਰ ਯਿਸੂ ਨੂੰ ਲੋਕਾਂ ਨੇ ਬੜੇ ਅਜੀਬ ਜਵਾਬ ਦਿੱਤੇ। ਉਨ੍ਹਾਂ ਦੇ ਜਵਾਬ ਨਕਾਰਾਤਮਕ ਅਤੇ ਸਕਾਰਾਤਮਕ ਵੀ ਸਨ ਭਾਵ ਜ਼ਿੰਦਗੀ ਨਾਲ ਭਰੇ ਵੀ ਸਨ ਅਤੇ ਮੌਤ ਨਾਲ ਭਰੇ ਵੀ ਸਨ। ਆਓ ਇਨ੍ਹਾਂ ਵਿੱਚੋਂ ਹਰ ਰਵੱਈਏ ਨੂੰ ਧਿਆਨ ਨਾਲ ਵੇਖੀਏ ਅਤੇ ਨਵੇਂ ਸਿਰੇ ਤੋਂ ਫ਼ੈਸਲਾ ਕਰੀਏ ਕਿ ਅਸੀਂ ਆਪਣੇ ਮਨ ਸਚਿਆਈ ਤੇ ਹੀ ਲਾਵਾਂਗੇ।

1. ਸੁੱਕੇ ਹੱਥ ਵਾਲੇ ਆਦਮੀ ਨੇ *ਭਰੋਸਾ ਕਰਨ ਵਾਲੇ ਮਨ* ਨਾਲ ਜਵਾਬ ਦਿੱਤਾ। ਸੰਭਵ ਤੌਰ ਤੇ ਉਹਦੇ ਮਨ ਵਿਚ ਚਿਤ ਚੇਤਾ ਵੀ ਨਹੀਂ ਸੀ ਕਿ ਉਸ ਦਿਨ ਯਿਸੂ ਸਿਨਾਗੋਗ ਵਿਚ ਆਉਣ ਵਾਲਾ ਹੈ। ਜਦ ਯਿਸੂ ਨੇ ਉਸ ਨੂੰ ਸਭਾ ਦੇ ਸਾਹਮਣੇ ਖਲੋਣ ਲਈ ਆਖਿਆ ਤਾਂ ਉਹ ਬਿਨਾਂ ਕਿਸੇ ਝਿਜਕ ਦੇ ਖਲੋ ਗਿਆ। ਉਹਨੇ ਉਹੀ ਕੀਤਾ ਜੋ ਯਿਸੂ ਨੇ ਉਸ ਨੂੰ ਕਰਨ ਲਈ ਆਖਿਆ। ਜਿਹੜੀ ਸਲਾਹ ਯੂਹੰਨਾ 2 ਵਿਚ ਵਿਆਹ ਦੇ ਭੋਜ ਵਿਚ ਮਰੀਅਮ ਨੇ ਸੇਵਕਾਂ ਨੂੰ ਦਿੱਤੀ ਸੀ, ਉਹੋ ਜਿਹੀ ਹੀ ਸਲਾਹ ਇਸ ਆਦਮੀ ਨੇ ਆਪਣੇ ਆਪ ਨੂੰ ਦਿੱਤੀ ਹੋਵੇਗੀ: ''ਜੋ ਕੁਝ ਉਹ ਤੁਹਾਨੂੰ ਕਹੇ ਉਹ ਕਰੋ'' (ਯੂਹੰਨਾ 2:5)। ਸਾਨੂੰ ਇਹ ਨਹੀਂ ਦੱਸਿਆ ਗਿਆ ਹੈ ਕਿ ਉਹ ਯਿਸੂ ਨੂੰ ਕਿੰਨਾਂ ਜ਼ਿਆਦਾ ਜਾਣਦਾ ਸੀ, ਪਰ ਉਹ ਐਨਾ ਜਾਣਦਾ ਸੀ ਕਿ ਉਸ ਨੇ ਮਨ ਬਣਾ ਲਿਆ ਕਿ ਜੋ ਕੁਝ ਯਿਸੂ ਉਸ ਨੂੰ ਕਰਨ ਲਈ ਕਹੇਗਾ ਉਹ ਉਸ ਨੂੰ ਕਰੇਗਾ। ਭਰੋਸਾ ਕਰਨ ਵਾਲੇ ਮਨ ਦੀ ਤਾਰੀਫ਼ ਕਰਨਾ ਬਣਦਾ ਹੈ।

2. ਉੱਥੇ ਮੌਜੂਦ ਫ਼ਰੀਸੀਆਂ ਦਾ ਜਵਾਬ ਦੂਜਾ ਸੀ। ਉਨ੍ਹਾਂ ਦੀ ਪ੍ਰਤੀਕਿਰਿਆ *ਇਕ ਸਖ਼ਤ ਮਨ ਵਾਲਾ* ਰਵੱਈਆ ਸੀ। ਉਨ੍ਹਾਂ ਦੇ ਮਨ ਉਨ੍ਹਾਂ ਲੋਕਾਂ ਦੀ ਸੇਵਾ ਕਰਨ ਦੀ ਬਜਾਇ ਜਿਹੜੇ ਜ਼ਿੰਦਗੀ ਦੀਆਂ ਮੁਸੀਬਤਾਂ ਤੋਂ ਪਰੇਸ਼ਾਨ ਸਨ, ਸੱਬਤ ਲਈ ਬਣਾਏ ਗਏ ਆਪਣੇ ਛੋਟੇ ਛੋਟੇ ਮਨੁੱਖਾਂ ਦੇ ਬਣਾਏ ਨਿਯਮਾਂ ਨੂੰ ਮੰਨਣ ਤੇ ਲੱਗੇ ਸਨ। ਉਹ ਅਣਕਹੇ ਸਵਾਲ ਨਾਲ ਕਿ ''ਭਲਾ ਸੱਬਤ ਵਾਲੇ ਦਿਨ ਚੰਗਿਆਈ ਦੇਣਾ ਜ਼ਰੂਰੀ ਹੈ?'' ਯਿਸੂ ਨੂੰ ਚੁਣੌਤੀ ਦੇ ਰਹੇ ਸਨ। ਯਿਸੂ ਨੇ ਉੱਚੀ ਅਵਾਜ਼ ਨਾਲ ਇਹ ਪੁੱਛ ਕੇ ਉਨ੍ਹਾਂ ਦਾ ਸਾਹਮਣਾ ਕੀਤਾ, ''ਸੱਬਤ ਦੇ ਦਿਨ ਭਲਾ ਕਰਨਾ ਜੋਗ ਹੈ ਯਾ ਬੁਰਾ ਕਰਨਾ? ਜਾਨ ਬਚਾਉਣੀ ਯਾ ਜਾਨ ਮਾਰਨੀ?'' (3:4)। ਸਾਫ਼ ਹੈ ਕਿ ਯਿਸੂ ਨੇ ਉਨ੍ਹਾਂ ਅੱਗੇ ਸਵਾਲ ਨੂੰ ਦ੍ਰਿਸ਼ਟਾਂਤ ਦੇ ਕੇ ਰੱਖਿਆ: ''ਭਈ ਤੁਹਾਡੇ ਵਿੱਚੋਂ ਇਹੋ ਜਿਹਾ ਕਿਹੜਾ ਮਨੁੱਖ ਹੈ ਜਿਹ ਦੇ ਕੋਲ ਇਕ ਭੇਡ ਹੋਵੇ ਅਤੇ ਜੇ ਉਹ ਸੱਬਤ ਦੇ ਦਿਨ ਟੋਏ ਵਿਚ ਡਿੱਗ ਪਵੇ ਤਾਂ ਉਹ ਉਸ ਨੂੰ ਫੜ੍ਹ ਕੇ ਨਾ ਕੱਢੇ? ਸੋ ਮਨੁੱਖ ਭੇਡ ਨਾਲੋਂ ਕਿੰਨਾ ਹੀ ਉੱਤਮ ਹੈ! ਇਸ ਲਈ ਸੱਬਤ ਦੇ ਦਿਨ ਭਲਾ ਕਰਨਾ ਯੋਗ ਹੈ'' (ਮੱਤੀ 12:11, 12)। ਭਲਾ ਇਨ੍ਹਾਂ ਪੱਥਰ ਦਿਲ ਫ਼ਰੀਸੀਆਂ ਨੇ ਉਹਦੇ ਸੰਦੇਸ਼ ਨੂੰ ਆਪਣੇ ਮਨ ਵਿਚ ਆਉਣ ਦਿੱਤਾ? ਨਹੀਂ, ਇਨ੍ਹਾਂ ਲੋਕਾਂ ਨਹੀਂ ਨਹੀਂ ਆਉਣ ਦਿੱਤਾ। ਕਿਉਂ ਜੋ ਇਨ੍ਹਾਂ ਲਈ ਬਹੁਤ ਦੇਰ ਹੋ ਚੁੱਕੀ ਸੀ। ਉਨ੍ਹਾਂ ਦੇ ਮਨ ਮੁਤਅੱਸਬ ਨਾਲ ਬੰਦ ਸਨ।

3. ਤੀਜਾ ਜਵਾਬ ਇਕ ਆਇਤ ਵਿਚ ਸੁੰਗੜ ਜਾਂਦਾ ਹੈ। ਇਹ ਜਵਾਬ ਬਾਅਦ ਵਿਚ ਫ਼ਰੀਸੀਆਂ ਅਤੇ ਹੇਰੋਦੇਸੀਆਂ ਵੱਲੋਂ ਦਿੱਤਾ ਗਿਆ ਸੀ। ਉਨ੍ਹਾਂ ਨੇ ਆਪਣੇ ਮਨਾਂ ਦੀ ਕਠੋਰਤਾ ਨੂੰ ਕਾਬੂ ਵਿਚ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਿਸ ਕਰਕੇ ਨਫ਼ਰਤ ਨਾਲ ਸੜੇ ਇਹ ਮਨ ਛੇਤੀ ਹੀ *ਕਾਤਲ ਮਨਾਂ* ਵਿਚ ਬਦਲ ਗਏ। ਮਰਕੁਸ ਨੇ ਕਿਹਾ, ''ਤਦ ਫ਼ਰੀਸੀਆਂ ਨੇ ਨਿੱਕਲ ਕੇ ਉਸ ਵੇਲੇ ਹੇਰੋਦੀਆਂ ਨਾਲ ਉਹ ਦੇ ਵਿਰੁੱਧ ਮਤਾ ਪਕਾਇਆ ਜੋ ਕਿਸ ਤਰ੍ਹਾਂ ਉਹ ਦਾ ਨਾਸ ਕਰੀਏ'' (3:6)। ਉਸ ਸਭਾ ਵਿੱਚੋਂ ਨਿੱਕਲ ਕੇ ਜਿੱਥੇ ਗ਼ਰੀਬਾਂ ਦੀ ਸੇਵਾ ਕਰਨ ਦਾ ਪ੍ਰਚਾਰ ਕੀਤਾ ਜਾ ਰਿਹਾ ਸੀ, ਸਮਝਾਇਆ ਜਾ ਰਿਹਾ ਸੀ ਅਤੇ ਸੇਵਾ ਕੀਤੀ ਜਾ ਰਹੀ ਸੀ, ਉਹ ਮਸੀਹਾ ਨੂੰ ਮਾਰ ਸੁੱਟਣ ਦੀ ਯੋਜਨਾ ਬਨਾਉਣ ਲਗ ਪਏ! ਭਲਾ ਇਸ ਨਾਲੋਂ ਮਾੜੀ ਜਾਂ ਇਸ ਨਾਲੋਂ ਖ਼ਰਾਬ ਯੋਜਨਾ ਦੀ ਕਲਪਨਾ ਕੀਤੀ ਜਾ ਸਕਦੀ ਹੈ?

ਫ਼ਰੀਸੀਆਂ ਦੀ ਨਫ਼ਰਤ ਦੇ ਉਲਟ, ਇਸ ਸਿਨਾਗੋਗ ਦਾ ਨਜ਼ਾਰਾ ਸਾਨੂੰ ਯਿਸੂ ਦੀ ਇਕ ਖ਼ੂਬਸੂਰਤ ਤਸਵੀਰ ਵਿਖਾਉਂਦਾ ਹੈ। ਅਸੀਂ ਉਸ ਨੂੰ ਮੁਕਤੀਦਾਤੇ ਦੇ ਰੂਪ ਵਿਚ ਵੇਖਦੇ ਹਾਂ ਜਿਹਦਾ ਤਰਸ ਅਤੇ ਪਿਆਰ ਨਾਲ ਭਰਿਆ ਖ਼ੂਬਸੂਰਤ ਮਨ ਹੈ। ਸਰਵਸ਼ਕਤੀਮਾਨ ਮਸੀਹ ਉਸ ਟੁੱਟੇ ਹੋਏ ਆਦਮੀ ਤੇ ਬੜਾ ਤਰਸ ਆਇਆ। ਉਹਨੇ ਮਨੁੱਖ ਦੇ ਸਖ਼ਤ ਦਿਲਾਂ ਨੂੰ ਵੇਖਿਆ ਅਤੇ ਉਨ੍ਹਾਂ ਬਾਰੇ ਉਸ ਦੇ ਦਰਸ਼ਣ ਨੇ ਉਸ ਦਾ ਮਨ ਦੁਖੀ ਕਰ ਦਿੱਤਾ। ਕਿਸੇ ਵੀ ਹੋਰ ਗੱਲ ਨਾਲੋਂ ਵਧ ਕੇ, ਉਹ ਚਾਹੁੰਦਾ ਹੈ ਕਿ ਜਿੰਨਾਂ ਕਿ ਉਸ ਦੇ ਬਣਾਏ ਲੋਕਾਂ ਦੇ ਮਨ ਉਹੋ ਜਿਹੇ ਹੀ ਹੋਣ ਜਿਹੋ ਜਿਹੇ ਉਸ ਨੇ ਬਣਾਏ ਸਨ। ਜਿਵੇਂ ਧਾਰਮਿਕ ਆਗੂ ਪਰੇਸ਼ਾਨ ਲੋਕਾਂ ਨਾਲ ਸਲੂਕਾ ਕਰਦੇ ਸਨ ਉਸ ਨੇ ਯਿਸੂ ਨੂੰ ਨਰਾਜ਼ ਅਤੇ ਦੁਖੀ ਕਰ ਦਿੱਤਾ। ਆਪਣੇ ਮਨਾ

ਨੂੰ ਖ਼ੁਦਾ ਦੇ ਮਨ ਵਰਗੇ ਬਨਾਉਣ ਦੀ ਥਾਂ ਉਨ੍ਹਾਂ ਨੇ ਆਪਣੇ ਮਨਾਂ ਨੂੰ ਨਫ਼ਰਤ ਦੇ ਚੁਬੱਚੇ ਬਣਾ ਦਿੱਤਾ।

ਅਜਿਹਾ ਨਹੀਂ ਕਿ ਯਿਸੂ ਦੇ ਖ਼ੁਦਾ ਹੋਣ ਦੇ ਸਬੂਤ ਵਿਚ ਕੋਈ ਕਮੀ ਸੀ। ਅਸਲ ਵਿਚ ਇਹ ਸਾਫ਼, ਬਿਲਕੁਲ ਸਾਫ਼ ਨਜ਼ਰ ਆਉਂਦਾ ਸੀ ਅਤੇ ਮੰਨਣ ਯੋਗ ਸੀ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਸੁੱਕੇ ਹੱਥ ਵਾਲੇ ਇਸ ਆਦਮੀ ਨੂੰ ਦੀ ਚੰਗਿਆਈ ਕੋਲ ਬੈਠੇ ਕਿਸੇ ਹੋਰ ਨੂੰ ਕਿਹੋ ਜਿਹੀ ਲੱਗੀ। ਵੇਖਣ ਵਾਲੇ ਨੇ ਉਸ ਹੱਥ ਦੇ ਇਕਦਮ ਆਪਣੀ ਪਹਿਲੇ ਵਾਲੀ ਹਾਲਤ ਵਿਚ ਆ ਜਾਣ ਨੂੰ ਵੇਖਿਆ। ਮਾਸ ਫੇਰ ਤੋਂ ਚੜ੍ਹ ਆਇਆ ਸੀ, ਬੇਜਾਨ ਹੋ ਚੁੱਕੀਆਂ ਉਂਗਲਾਂ ਫੇਰ ਤੋਂ ਕੰਮ ਕਰਨ ਲਗ ਪਈਆਂ ਸਨ ਅਤੇ ਉਹ ਆਦਮੀ ਅਚਾਨਕ ਫੇਰ ਤੋਂ ਦੁਨੀਆਂ ਵਿਚ ਆਪਣੀ ਭੂਮਿਕਾ ਲੈਣ ਲਈ ਤਿਆਰ ਸੀ। ਪਰ ਅਖ਼ੀਰ ਵਿਚ ਮਨ ਨੇ ਹੀ ਇਹ ਦੱਸਣਾ ਹੁੰਦਾ ਹੈ ਕਿ ਉਹ ਦਿੱਤੇ ਗਏ ਸਬੂਤ ਤੇ ਯਕੀਨ ਕਰੇਗਾ ਯਾ ਜਾਂ ਨਹੀਂ।

*ਨਿਚੋੜ:* ਜੇ ਅਸੀਂ ਯਕੀਨ ਨਹੀਂ ਕਰਨਾ ਚਾਹੁੰਦੇ ਹਾਂ ਤਾਂ ਮੁਰਦਿਆਂ ਵਿੱਚੋਂ ਯਿਸੂ ਦਾ ਜੀ ਉੱਠਣਾ ਵੀ ਸਾਨੂੰ ਯਕੀਨ ਨਹੀਂ ਦੁਆ ਸਕਦਾ। ਜੇ ਅਸੀਂ ਨਵੇਂ ਨੇਮ ਦੀ ਮਸੀਹੀਅਤ ਨਵੀਂ ਬਣਨਾ ਚਾਹੁੰਦੇ ਤਾਂ ਨਵੇਂ ਨੇਮ ਦੀਆਂ ਸਿੱਧੀਆਂ ਸਾਦੀਆਂ ਗੱਲਾਂ ਸਾਨੂੰ ਯਕੀਨ ਨਹੀਂ ਦੁਆ ਸਕਦੀਆਂ। ਪਰ ਜੇ ਅਸੀਂ ਵਿਸ਼ਵਾਸ ਕਰਨ ਲਈ ਤਿਆਰ ਹਾਂ ਤਾਂ ਸਾਡੇ ਮਨ ਸਬੂਤ ਨੂੰ ਮੰਨਣ ਲਈ ਤਿਆਰ ਹੋਣਗੇ ਅਤੇ ਅਸੀਂ ਇਸ ਨੂੰ ਮੰਨਣ ਲਈ ਤਿਆਰ ਹੋਵਾਂਗੇ। ਖ਼ੁਦਾ ਇਹ ਯਕੀਨੀ ਬਣਾਵੇਗਾ ਕਿ ਸਾਡੇ ਕੋਲ ਆਪਣੇ ਵਿਸ਼ਵਾਸ ਨੂੰ ਵਧਾਉਣ ਅਤੇ ਮਜ਼ਬੂਤ ਕਰਨ ਲਈ ਲੋੜੀਂਦਾ ਸਬੂਤ ਦਵੇ। ਕੂਚ ਕੀ ਕਿਤਾਬ ਵਿਚ ਤਰੀਬਨ ਦਸ ਵਾਰ ਕਿਹਾ ਗਿਆ ਹੈ ਕਿ ਫ਼ਿਰਊਨ ਨੇ ਆਪਣਾ ਮਨ ਸਖ਼ਤ ਕਰ ਲਿਆ। ਖ਼ੁਦਾ ਨੇ ਉਹਦੇ ਅੱਗੇ ਸਬੂਤ ਰੱਖਿਆ ਅਤੇ ਫ਼ਿਰਊਨ ਨੇ ਆਪਣੇ ਮਨ ਨਾਲ ਇਹ ਫ਼ੈਸਲਾ ਕਰ ਲਿਆ ਕਿ ਉਹ ਇਸ ਦਾ ਕੀ ਫ਼ੈਸਲਾ ਕਰੇਗਾ। ਸਬੂਤ ਸਾਫ਼ ਸੀ ਅਤੇ ਹੋ ਸਕਦਾ ਹੈ ਕਿ ਇਹ ਛੇ ਜਾਂ ਇਸ ਤੋਂ ਵੱਧ ਮਹੀਨਿਆਂ ਤਕ ਦਿੱਤਾ ਜਾਂਦਾ ਰਿਹਾ ਹੋਵੇ। ਪਰ ਫ਼ਿਰਊਨ ਯਕੀਨ ਨਹੀਂ ਕਰਨਾ ਚਾਹੁੰਦਾ ਸੀ ਅਤੇ ਇਸ ਦਾ ਨਤੀਜਾ ਇਹ ਹੋਇਆ ਕਿ ਉਹਨੇ ਯਕੀਨ ਨਹੀਂ ਕੀਤਾ।

ਇਸ ਸਬੂਤ ਲਈ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਮਸੀਹ ਹੈ, ਅਸੀਂ ਕਿਹੋ ਜਿਹੇ ਮਨ ਲੈ ਕੇ ਆਉਂਦੇ ਹਾਂ? ਭਲਾ ਸਾਡੇ ਮਨ ਭਰੋਸਾ ਕਰਨ ਵਾਲੇ ਹਨ? ਭਲਾ ਸਾਡੇ ਮਨ ਸਖ਼ਤ ਹਨ ਕਿਉਂ ਜੋ ਅਸੀਂ ਵਿਸ਼ਵਾਸ ਨਾ ਕਰਨਾ ਚੁਣ ਲਿਆ ਹੈ? ਭਲਾ ਸਾਡੇ ਮਨ ਉਸ ਸਬੂਤ ਨੂੰ ਅਤੇ ਉਸ ਨੂੰ ਲਿਆਉਣ ਵਾਲੇ ਖ਼ਤਮ ਕਰਨ ਲਈ ਤੁਲੇ ਹੋਏ ਕਾਤਲ ਮਨ ਹਨ? ਭਲਾ ਸਾਡੇ ਮਨ ਅਜਿਹੇ ਹਨ ਜਿਹੜੇ ਸੰਦੇਸ਼ ਨੂੰ ਹੀ ਨਹੀਂ ਬਲਕਿ ਸੰਦੇਸ਼ ਨੂੰ ਲਿਆਉਣ ਵਾਲੇ ਨੂੰ ਵੀ ਨਕਾਰਦੇ ਹਨ?

ਸੰਭਵ ਤੌਰ ਤੇ ਜੇ ਅਸੀਂ ਆਖ ਸਕਦੇ ਹਾਂ, ਤਾਂ ਸਭ ਤੋਂ ਵੱਡਾ ਪਾਪ, ਸਾਫ਼ ਸਬੂਤ ਨਾ ਮੰਨਣ ਦਾ ਪਾਪ ਹੈ। ਜਦ ਇਨ੍ਹਾਂ ਫ਼ਰੀਸੀਆਂ ਨੇ ਉਸ ਮੋਅਜਜ਼ੇ ਨੂੰ ਵੇਖਿਆ ਅਤੇ ਯਿਸੂ ਦੇ ਖੂਬਸੂਰਤ ਮਨ ਵਿੱਚੋਂ ਨਿੱਕਲੇ ਉਸ ਸੰਦੇਸ਼ ਨੂੰ ਸੁਣਿਆ ਤਾਂ ਉਨ੍ਹਾਂ ਨੇ ਸੰਦੇਸ਼ ਨੂੰ ਅਤੇ ਉਸ ਮੋਅਜਜ਼ੇ ਤੋਂ ਗੁੱਸੇ ਵਿਚ ਮੂੰਹ ਫੇਰ ਲਿਆ, ਜੋ ਕਿ ਉਹ ਸਭ ਤੋਂ ਵੱਡੀ ਗਲਤੀ ਸੀ ਜਿਹੜੀ ਕੋਈ ਇਨਸਾਨ ਕਰ ਸਕਦਾ ਹੈ।

**ਮਸੀਹ ਭੀੜ ਦੇ ਨਾਲ** (3:7-12)

ਯਿਸੂ ਦੀ ਸੇਵਕਾਈ ਵਿਚ ਇੱਥੇ, ਉਸ ਨੂੰ ਲੋਕਾਂ ਨੂੰ ਵਿਖਾਉਣ ਲਈ ਫ਼ਰਕ ਤਰੀਕਾ ਅਪਣਾਉਣਾ ਪਿਆ। ਆਮ ਲੋਕਾਂ ਵਿਚ ਉਸ ਦੀ ਮਸ਼ਹੂਰੀ ਸਿਖ਼ਰ ਤੇ ਸੀ, ਪਰ ਯਹੂਦੀ ਧਰਮ ਗੁਰੂਆਂ ਦੇ ਮਨ ਵਿਚ ਉਹਦੇ ਪ੍ਰਤੀ ਵੈਰ ਬਹੁਤ ਵਧ ਗਿਆ। ਮਰਕੁਸ ਨੇ ਕਿਹਾ ਕਿ ਸਿਨੇਗੋਗ ਵਿਚ ਯਿਸੂ ਦੇ ਉਸ ਅਪਾਹਿਜ ਨੂੰ ਚੰਗਿਆਈ ਦੇਣ ਤੋਂ ਬਾਅਦ ਫ਼ਰੀਸੀ ''ਫ਼ਰੀਸੀਆਂ ਨੇ ਨਿੱਕਲ ਕੇ ਉਸ ਵੇਲੇ ਹੇਰੋਦੀਆਂ ਨਾਲ ਉਹ ਦੇ ਵਿਰੁੱਧ ਮਤਾ ਪਕਾਇਆ ਜੋ ਕਿਸ ਤਰ੍ਹਾਂ ਉਹ ਦਾ ਨਾਸ ਕਰੀਏ'' (3:6)। ਜਿਸ ਕਰਕੇ ਯਿਸੂ ਨੂੰ ਸ਼ਹਿਰ ਛੱਡਣ ਲਈ ਹੋਣਾ ਪਿਆ। ਇਸ ਤੋਂ ਬਾਅਦ ਉਹਨੂੰ ਉਪਦੇਸ਼ ਦੇਣ ਲਈ ਇੱਧਰ ਉੱਧਰ ਥਾਂ ਥਾਂ ਜਾਣਾ ਪੈਂਦਾ ਸੀ।

ਯਿਸੂ ਦੀ ਸੇਵਕਾਈ ਵਿਚ ਇਸ ਬਦਲਾਅ ਨੂੰ ਦੁਹਰਾਉਂਦੇ ਹੋਏ ਮਰਕੁਸ ਨੇ ਦੱਸਿਆ ਕਿ ਕਿਵੇਂ ਯਿਸੂ ਆਪਣੇ ਚੇਲਿਆਂ ਦੇ ਨਾਲ ਝੀਲ ਵੱਲ ਨੂੰ ਗਿਆ। ਉਸ ਨੇ ਉਪਦੇਸ਼ ਦੇਣਾ ਜਾਰੀ ਰੱਖਿਆ ਪਰ ਉਹ ਕਿਸੇ ਸ਼ਾਂਤ ਜਗ੍ਹਾ ਦੀ ਤਲਾਸ਼ ਵਿਚ ਰਹਿੰਦਾ ਸੀ। ਮਰਕੁਸ ਦੀ ਕਿਤਾਬ ਦਸ ਵਾਰ ਦੱਸਦੀ ਹੈ ਕਿ ਜਦ ਯਿਸੂ ਵੱਖੋ-ਵੱਖ ਕਾਰਣਾ ਕਰਕੇ ਲੋਕਾਂ ਦੀ ਭੀੜ ਤੋਂ ਦੂਰ ਗਿਆ (1:35; 3:7; 6:32, 46; 7:24, 31; 8:13; 9:2; 10:1; ਅਤੇ 14:32-39)।

ਫਿਰ ਵੀ ਯਿਸੂ ਸ਼ਾਂਤ, ਏਕਾਂਤ ਥਾਂ ਤੇ ਬਹੁਤੀ ਦੇਰ ਤਕ ਨਹੀਂ ਰਹਿ ਪਾਉਂਦਾ ਸੀ। ''ਵੱਡੀ ਭੀੜ'' ਉਸ ਨੂੰ ਲੱਭ ਲੈਂਦੀ ਕਿ ਉਹ ਕਿੱਥੇ ਹੈ ਅਤੇ ਉਹਦੇ ਮਗਰ ਚੱਲ ਪੈਂਦੀ। ਯਿਸੂ ਦੀ ਵਧਦੀ ਮਸ਼ਹੂਰੀ ਅਤੇ ਬਦਨਾਮੀ ਉਨ੍ਹਾਂ ਹੀ ਥਾਂਵਾਂ ਵਿਚ ਵਿਖਾਈ ਗਈ ਹੈ ਜਿੱਥੋਂ ਭੀੜ ਉਹਦੇ ਮਗਰ ਆਉਂਦੀ ਸੀ: ''ਅਰ ਗਲੀਲ ਤੋਂ ਬਹੁਤ ਸਾਰੇ ਲੋਕ ਮਗਰ ਹੋ ਤੁਰੇ ਅਰ ਯਹੂਦਿਯਾ ਅਤੇ ਯਰੂਸ਼ਲਮ ਅਤੇ ਅਦੂਮ ਤੋਂ ਅਤੇ ਯਰਦਨ ਦੇ ਪਾਰੋਂ ਅਤੇ ਸੂਰ ਅਤੇ ਸੈਦਾ ਦੇ ਆਲੇ ਦੁਆਲਿਓਂ'' (3:7, 8)।

ਯਿਸੂ ਕੋਲ ਲੋਕ ਖ਼ਾਸ ਕਰਕੇ ਉਨ੍ਹਾਂ ਮੋਅਜਜ਼ਿਆਂ ਦੇ ਕਾਰਣ ਆਉਣਾ ਚਾਹੁੰਦੇ ਸਨ ਜਿਹੜੇ ਉਹਨੇ ਉਨ੍ਹਾਂ ਦੇ ਵਿਚਾਰ ਕੀਤੇ ਸਨ। ਮਰਕੁਸ ਨੇ ਕਿਹਾ, ''ਇੱਕ ਵੱਡੀ ਭੀੜ ਇਹ ਸੁਣ ਕੇ ਜੋ ਉਹ ਕਿਹੇ ਵੱਡੇ ਵੱਡੇ ਕੰਮ ਕਰਦਾ ਹੈ ਉਹ ਦੇ ਕੋਲ ਆਈ'' (3:8)। ਲੋਕਾਂ ਦੇ ਆਉਣ ਦੀ ਪ੍ਰੇਰਣਾ ਦੀ ਟਿੱਪਣੀ ਸਾਨੂੰ ਯਾਦ ਦੁਆਉਂਦੀ ਹੈ ਕਿ ਯਿਸੂ ਆਪਣੇ ਮੋਅਜਜ਼ਿਆਂ ਤੋਂ ਫ਼ਾਇਦਾ ਲੈਣ ਵਾਲਿਆਂ ਨੂੰ ਉਨ੍ਹਾਂ ਨੂੰ ਦੂਜਿਆਂ ਨੂੰ ਦੱਸਣ ਤੋਂ ਰੋਕਣ ਦੀ ਚਿਤਾਵਨੀ ਦੇਣ ਦਾ ਬੜਾ ਧਿਆਨ ਰੱਖਿਆ। ਮੋਅਜਜ਼ਿਆਂ ਨਾਲ ਲੋਕਾਂ ਦੀ ਵੱਡੀ ਗਿਣਤੀ ਉਹਦੇ ਮਗਰ ਚੱਲਣ ਲਈ ਆ ਜਾਂਦੀ ਸੀ।

ਇਸ ਥਾਂ ਤੇ ਜਿੱਥੇ ਯਿਸੂ ਐਨੇ ਸਾਰੇ ਲੋਕਾਂ ਨਾਲ ਘਿਰਿਆ ਹੋਇਆ ਸੀ ਜਿਹੜੇ ਧੱਕਮ ਧੱਕਾ ਕਰਕੇ ਉਹਨੂੰ ਛੂਹਣ ਲਈ ਉਤਾਵਲੇ ਹੋਣ, ਅਸੀਂ ਉਸ ਦੀ ਇਕ ਹੋਰ ਜਾਣਕਾਰੀ ਦੇਣ ਵਾਲੀ ਤਸਵੀਰ ਨੂੰ ਵੇਖਦੇ ਹਾਂ। ਇਹ ਘਟਨਾ ਉਹਦੇ ਬਾਰੇ ਕੀ ਦੱਸਦੀ ਹੈ?

1. ਜੋ ਕੁਝ ਇਸ ਮੌਕੇ ਤੇ ਹੋਇਆ ਉਹ ਇਕ ਵਾਰ ਫੇਰ ਤੋਂ ਯਿਸੂ ਨੂੰ *ਤਰਸ ਨਾਲ ਭਰੇ ਮਸੀਹ* ਦੇ ਰੂਪ ਵਿਚ ਵਿਖਾਉਂਦਾ ਹੈ। ਉਹਨੂੰ ਭੀੜ ਦੀ ਬੜੀ ਚਿੰਤਾ ਸੀ। ਉਹਨੂੰ ਲੋਕਾਂ ਨਾਲ ਬੜੀ ਹਮਦਰਦੀ ਸੀ।

ਸਾਨੂੰ ਲਗ ਸਕਦਾ ਹੈ ਕਿ ਯਿਸੂ ਨੇ ਲੋਕਾਂ ਨੂੰ ਇਹ ਕਹਿੰਦਿਆਂ ਕਿ ਉਹ ਉਹਦੇ ਕੋਲ ਗਲਤ ਕਾਰਣ ਕਰਕੇ ਆ ਗਏ ਸਨ, ਸੁਝਾਅ ਦੇਣਾ ਸੀ। ਇਸ ਤੋਂ ਛੁੱਟ ਉਸ ਨੂੰ ਪਤਾ ਸੀ ਕਿ ਇਹ ਉਹਦੀ ਜਾਨ ਲਈ ਖ਼ਤਰਾ ਹਨ। ਲੋਕ ਉਸ ਨੂੰ ਲਤਾੜ ਸਕਦੇ ਸਨ। ਇਸੇ ਖ਼ਤਰੇ ਕਰਕੇ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ ''ਭੀੜ ਦੇ ਕਾਰਣ ਇੱਕ ਡੋਂਗੀ ਮੇਰੇ ਲਈ ਤਿਆਰ ਰਹੇ ਭਈ ਲੋਕ ਮੈਨੂੰ ਦਬਾ ਨਾ ਲੈਣ'' (3:9)। ਪਰ ਯਿਸੂ ਭੀੜ ਦੀ ਪ੍ਰੇਰਣਾ ਅਤੇ ਉਸ ਖ਼ਤਰੇ ਤੋਂ ਜਿਹੜਾ ਉਨ੍ਹਾਂ ਨਾਲ ਸੀ,ਅੱਗੇ ਵੇਖਦਾ ਸੀ ਅਤੇ ਲੋਕਾਂ ਨੂੰ ਆਉਣ ਦਿੰਦਾ ਸੀ। ਬਾਈਬਲ ਦੱਸਦੀ ਹੈ, ''ਕਿਉਂਕਿ ਉਹ ਨੇ ਬਹੁਤਿਆਂ ਨੂੰ ਚੰਗਾ ਕੀਤਾ ਸੀ ਐਥੋਂ ਤੋੜੀ ਕਿ ਜਿੰਨੇ ਰੋਗੀ ਸਨ ਓਹ ਉਸ ਨੂੰ ਛੋਹਣ ਲਈ ਉਸ ਉੱਤੇ ਡਿੱਗਦੇ ਜਾਂਦੇ ਸਨ'' (3:10)। ਸਚਮੁਚ ਉਹ ਲੋਕਾਂ ਨੂੰ ਚੰਗਾ ਕਰਨ ਲੱਗਾ। ਭਾਵੇਂ ਇਹ ਨਹੀਂ ਦੱਸਿਆ ਗਿਆ, ਪਰ ਉਹ ਜਿੱਥੋਂ ਤਕ ਹੋ ਸਕਦਾ ਉਨ੍ਹਾਂ ਨੂੰ ਉਪਦੇਸ਼ ਵੀ ਦਿੰਦਾ ਹੋਵੇਗਾ।

ਸਾਨੂੰ ਯਿਸੂ ਦੀ ਇਹ ਸਚਿਆਈ ਨੂੰ ਯਾਦ ਰੱਖਣਾ ਜ਼ਰੂਰੀ ਹੈ ਕਿ ਉਹ ਤਰਸ ਕਰਨ ਵਾਲਾ ਮਸੀਹ ਹੈ ਕਿਸੇ ਹੋਰ ਘਟਨਾ ਬਾਰੇ ਜੋ ਕੁਝ ਮੱਤੀ ਨੇ ਕਿਹਾ ਉਹੀ ਇੱਥੇ ਵੀ ਕਿਹਾ ਜਾ ਸਕਦਾ ਹੈ: ''ਜਾਂ ਉਹਨੇ ਭੀੜਾਂ ਵੇਖੀਆਂ ਤਾਂ ਉਸ ਨੂੰ ਉਨ੍ਹਾਂ ਉੱਤੇ ਤਰਸ ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਉਹ ਲੋਕ ਮਾੜੇ ਹਾਲ ਅਤੇ ਡਾਵਾਂਡੋਲ ਫਿਰਦੇ ਸਨ'' (ਮੱਤੀ 9:36)। ਇਹ ਸ਼ਬਦ ''ਤਰਸ'' ਸਾਨੂੰ ਯਿਸੂ ਦੇ ਸੁਭਾਅ ਬਾਰੇ ਦੱਸਦਾ ਹੈ। ਉਹ ਸਾਡੇ ਪ੍ਰਤੀ ਆਪਣੇ ਤਰਸ ਅਤੇ ਕੋਮਲਤਾ ਵਿਖਾਉਣ ਵਿਚ ਕਦੇ ਨਾਕਾਮ ਨਹੀਂ ਹੁੰਦਾ। ਉਹ ਸਾਡੇ ਨਾਲ ਉਵੇਂ ਹੀ ਪਿਆਰ ਕਰਦਾ ਹੈ ਜਿਵੇਂ ਕੋਈ ਮਾਂ ਪਿਉ ਆਪਣੇ ਬੱਚਿਆਂ ਨਾਲ ਪਿਆਰ ਕਰਦੇ ਹਨ। ਭਾਵੇਂ ਅਸੀਂ ਗਲਤੀਆਂ ਕਰਦੇ ਰਹਿੰਦੇ

ਹਾਂ, ਪਰ ਯਿਸੂ ਅਖ਼ੀਰ ਤਕ ਸਾਡੇ ਨਾਲ ਰਹੇਗਾ। ਉਹਦੀ ਕਿਰਪਾ ਸਾਡੇ ਉੱਤੇ ਬਣੀ ਰਹਿੰਦੀ ਹੈ।

2. ਇਸ ਤੋਂ ਛੁੱਟ ਭੀੜ ਨਾਲ ਇਹ ਗੈਰ ਮਾਮੂਲੀ ਹਾਲਾਤ ਯਿਸੂ ਨੂੰ *ਪਵਿੱਤਰ ਮਿਸ਼ਨ ਵਾਲੇ ਮਸੀਹ* ਦੇ ਰੂਪ ਵਿਚ ਵਿਖਾਉਂਦਾ ਹੈ। ਉਸ ਨੇ ਭੀੜ ਨੂੰ ਆਪਣੇ ਮਕਸਦ ਤੋਂ ਹਟਾਉਣ ਨਹੀਂ ਦੇਣਾ ਸੀ। ਉਨ੍ਹਾਂ ਨੇ ਬੀਮਾਰ ਅਤੇ ਦੁਖੀ ਲੋਕਾਂ ਨੂੰ ਉਹਦੇ ਕੋਲ ਲਿਆ ਕੇ ਸਾਰਾ ਸਮਾਂ ਬੀਮਾਰਾਂ ਨੂੰ ਚੰਗਿਆਂ ਕਰਨ ਅਤੇ ਬਦਰੂਹਾਂ ਨੂੰ ਕੱਢਣ ਲਈ ਦੇਣ ਦਾ ਦਬਾਅ ਪਾ ਕੇ, ਉਸ ਨੂੰ ਘੇਰ ਲਿਆ। ਉਨ੍ਹਾਂ ਨੂੰ ਉਸ ਦੇ ਦਾਨ ਚਾਹੀਦੇ ਸਨ, ਪਰ ਉਨ੍ਹਾਂ ਦਾ ਧਿਆਨ ਦੁਨੀਆਂ ਲਈ ਉਹਦੇ ਬਚਾਉਣ ਦੇ ਖ਼ੁਦਾਈ ਮਕਸਦ ਤੇ ਨਹੀਂ ਸੀ।

ਉਹਦੇ ਕੰਮਾਂ ਦਾ ਮਨੁੱਖੀ ਪਹਿਲੂ ਅਹਿਮ ਸੀ, ਪਰ ਇਹ ਉਹਦੇ ਧਰਤੀ ਤੇ ਆਉਣ ਦਾ ਪ੍ਰਮੁੱਖ ਕਾਰਣ ਨਹੀਂ ਸੀ। ਉਹਨੇ ਬਿਮਾਰਾਂ ਤਕ ਪਹੁੰਚ ਕੇ ਅਤੇ ਪਾਪੀਆਂ ਤਕ ਪਹੁੰਚ ਕੇ ਧਰਤੀ ਉਤਲੀ ਆਪਣੀ ਸੇਵਕਾਈ ਦੇ ਦੋਹਾਂ ਪਹਿਲੂਆਂ ਉੱਤੇ ਧਿਆਨ ਲਾਉਣਾ ਸੀ; ਪਰ ਉਸ ਨੇ ਆਪਣੀ ਵੱਡੀ ਦਿਲਚਸਪੀ ਪਾਪੀਆਂ ਨੂੰ ਬਚਾਉਣ, ਪਰਮੇਸ਼ੁਰ ਦੇ ਰਾਜ ਦਾ ਪ੍ਰਚਾਰ ਕਰਨ ਅਤੇ ਉਪਦੇਸ਼ ਦੇਣ ਦੇ ਆਪਣੇ ਮਿਸ਼ਨ ਉੱਤੇ ਲਾਉਣੀ ਸੀ।

ਭਲਾ ਅਸੀਂ ਇਸ ਗੱਲ ਤੋਂ ਖੁਸ਼ ਨਹੀਂ ਹਾਂ ਕਿ ਯਿਸੂ ਨੇ ਇਹੀ ਕੀਤਾ? ਉਹ ਸੰਸਾਰ ਵਿਚ ਸਾਨੂੰ ਇਸ ਵਿੱਚੋਂ ਬਾਹਰ ਕੱਢ ਕੇ ਪਰਮੇਸ਼ੁਰ ਪਿਤਾ ਦੇ ਨਾਲ ਸੁਰਗੀ ਘਰ ਵਿਚ ਲਿਜਾਣ ਲਈ ਆਇਆ। ਉਹ ਇਸ ਸੰਸਾਰ ਦੇ ਹਰ ਦੁੱਖ ਨੂੰ ਦੂਰ ਕਰਨ ਲਈ ਨਹੀਂ ਆਇਆ। ਉਹ ਉਸ ਦੁੱਖ ਦਾ ਹਿੱਸਾ ਬਣਨ ਲਈ ਆਇਆ ਜਿਹੜਾ ਇਸ ਨਾਲ ਜੁੜਿਆ ਸੀ ਤਾਂ ਜੋ ਉਹ ਸਾਨੂੰ ਆਪਣੇ ਅਸਲ ਘਰ ਭਾਵ ਸਾਡੇ ਅਬਦੀ ਘਰ ਵਿਚ ਲਿਜਾ ਸਕੇ।

3. ਇਸ ਤੋਂ ਇਲਾਵਾ ਵਧਦੀ ਭੀੜ ਨਾਲ ਯਿਸੂ ਦੇ ਕੰਮ ਕਰਨ ਦੀ ਘਟਨਾ ਉਸ ਨੂੰ *ਚਰਿੱਤਰਵਾਨ ਅਤੇ ਸਚਿਆਈ ਵਾਲੇ ਮਸੀਹ* ਦੇ ਰੂਪ ਵਿਚ ਵਖਾਉਂਦੀ ਹੈ। ਭਾਵੇਂ ਲੋਕ ਮੁੱਖ ਤੌਰ ਤੇ ਸੁਆਰਥੀ ਇੱਛਾਵਾਂ ਕਰਕੇ ਯਿਸੂ ਕੋਲ ਆਉਂਦੇ ਸਨ ਪਰ ਉਹ ਉਨ੍ਹਾਂ ਵਿਚਕਾਰ ਆਪਣੇ ਪ੍ਰਮਾਣਕ ਨਿਰਸੁਆਰਥ ਸੁਭਾਅ ਨੂੰ ਵਿਖਾਉਂਦਾ ਹੈ। ਉਹ ਉਨ੍ਹਾਂ ਨਾਲ ਬਦਸਲੂਕੀ ਨਹੀਂ ਕਰਦਾ ਜਾਂ ਉਨ੍ਹਾਂ ਦੀ ਬੇਇੱਜ਼ਤੀ ਨਹੀਂ ਕਰਦਾ। ਉਸ ਨੇ ਉਨ੍ਹਾਂ ਨੂੰ ਸਿਰਫ਼ ਸਚਿਆਈ ਦੱਸੀ ਹੀ ਨਹੀਂ ਬਲਕਿ ਉਸ ਨੇ ਉਸ ਸਚਿਆਈ ਲਈ ਮਰਨਾ ਵੀ ਸੀ।

ਆਪਣੇ ਆਪ ਨੂੰ ਮੁਸ਼ਕਿਲ ਹਾਲਾਤ ਵਿਚ ਪਾਉਣ ਤੇ ਯਿਸੂ ਨੇ ਹਰ ਵਾਰੀ ਸਿਖਾਉਣ ਦਾ ਤਰੀਕਾ ਹੀ ਚੁਣਿਆ। ਉਹ ਆਪਣੇ ਕੰਮਾਂ ਅਤੇ ਆਪਣੀਆਂ ਗੱਲਾਂ ਨੂੰ ਆਪਣੇ ਬਾਰੇ ਵਿਚ ਸੁਰਗੀ ਸਚਿਆਈ ਦੇ ਅਧਾਰ ਤੇ ਚੁਣਦਾ ਸੀ।

ਬਿਮਾਰਾਂ ਨੂੰ ਚੰਗਿਆਂ ਕਰਦਿਆਂ ਉਹ ਬਦਰੂਹਾਂ ਨੂੰ ਝਿੜਕ ਵੀ ਦਿੰਦਾ ਸੀ, ਜਿਸ ਨਾਲ ਉਹ ਉਨ੍ਹਾਂ ਨੂੰ ਉਨ੍ਹਾਂ ਲੋਕਾਂ ਵਿੱਚੋਂ ਕੱਢ ਦਿੰਦਾ ਸੀ ਜਿਨ੍ਹਾਂ ਵਿਚ ਉਹ ਵਾਸ ਕਰਦੇ ਸਨ। ਉਹ ਉਹਨੂੰ ਪਰਮੇਸ਼ੁਰ ਦੇ ਪੁੱਤਰ ਦੇ ਤੌਰ ਤੇ ਮੰਨਣਾ ਚਾਹੁੰਦੀਆਂ ਸਨ, ਪਰ ਯਿਸੂ ਉਨ੍ਹਾਂ ਨੂੰ ਚੁੱਪ ਕਰਵਾ ਦਿੰਦਾ ਅਤੇ ਉਨ੍ਹਾਂ ਨੂੰ ਬੋਲਣ ਨਹੀਂ ਦਿੰਦਾ ਸੀ। ਮਰਕੁਸ ਨੇ ਲਿਖਿਆ ਹੈ, ''ਭਰਿਸ਼ਟ ਆਤਮਿਆਂ ਨੇ ਜਾਂ ਉਹ ਨੂੰ ਵੇਖਿਆ ਤਾਂ ਉਹ ਦੇ ਅੱਗੇ ਡਿੱਗ ਪਏ ਅਰ ਚੀਕਾਂ ਮਾਰ ਕੇ ਬੋਲੇ, ਤੂੰ ਪਰਮੇਸ਼ੁਰ ਦਾ ਪੁੱਤਰ ਹੈਂ!'' (3: 11) । ਬੇਸ਼ੱਕ ਬਦਰੂਹ ਲਈ ਯਿਸੂ ਨੂੰ ਪਰਮੇਸ਼ੁਰ ਦਾ ਪੁੱਤਰ ਦੱਸਣਾ ਬੇਮੇਲ ਹੈ। ਇਹ ਸੱਚ ਤਾਂ ਹੈ, ਪਰ ਬਦਰੂਹ ਦੇ ਸੁਭਾਅ ਨਾਲ ਇਸ ਨੂੰ ਨੁਕਸਾਨ ਪਹੁੰਚਦਾ ਹੈ। ਯਿਸੂ ਨਹੀਂ ਚਾਹੁੰਦਾ ਸੀ ਕਿ ਉਹਦੇ ਲਈ ਇਸ ਤਰ੍ਹਾਂ ਦੀ ਗਵਾਹੀ ਦਿੱਤੀ ਜਾਵੇ।

ਯਿਸੂ ਨੇ ਉਸ ਸਚਿਆਈ ਨੂੰ ਜਿਹੜੀ ਉਸ ਵਿਚ ਹੈ, ਕਿਸੇ ਨੂੰ ਦਾਗ ਲਾਉਣ ਦੀ ਇਜਾਜ਼ਤ ਨਹੀਂ ਦਿੱਤੀ। ਦੂਜਿਆਂ ਨੇ ਸਚਿਆਈ ਦੀ ਗੱਲ ਕੀਤੀ, ਪਰ ਯਿਸੂ ਨੇ ਆਖਿਆ ਕਿ ਉਹ ਆਪ ਸਚਿਆਈ ਹੈ: ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ

ਆਉਂਦਾ'' (ਯੂਹੰਨਾ 14:6)। ਜੇ ਉਸ ਸਚਿਆਈ ਉੱਤੇ ਜਿਹੜੀ ਉਸ ਵਿਚ ਹੈ ਕਿਸੇ ਤਰ੍ਹਾਂ ਦਾ ਦਾਗ ਲਗ ਜਾਂਦਾ ਤਾਂ ਉਹ ਰਾਹ ਅਤੇ ਜ਼ਿੰਦਗੀ ਜਿਸ ਨੂੰ ਉਹ ਲਿਆਇਆ ਸੀ, ਵੀ ਪ੍ਰਭਾਵਿਤ ਹੋਣਾ ਸੀ। ਸਾਡੇ ਲਈ ਇਹ ਸਮਝਣਾ ਕਿੰਨਾ ਹਿੰਮਤ ਵਧਾਉਣ ਵਾਲਾ ਹੈ ਕਿ ਯਿਸੂ ਦੇ ਸਬੰਧ ਵਿਚ ਹਰ ਗੱਲ ਪ੍ਰਮਾਣਕ ਹੈ!

*ਨਿਚੋੜ:* ਮਸੀਹ ਜਿਹੜਾ ਆਇਆ, ਮਨੁੱਖ ਦਾ ਪੁੱਤਰ ਅਤੇ ਪਰਮੇਸ਼ੁਰ ਦਾ ਪੁੱਤਰ, ਉਹ ਮਨੁੱਖ ਜਾਤੀ ਨਾਲੋਂ ਐਨਾ ਉੱਚਾ ਸੀ ਕਿ ਉਹਦੇ ਬਾਰੇ ਹਰ ਗੱਲ ਨੂੰ ਜਾਣਨਾ ਨਾਮੁਮਕਿਨ ਹੋਣਾ ਸੀ। ਇਹ ਵਿਚਾਰ ਕਿ ਸਰਿਸ਼ਟੀ ਆਪਣੇ ਸਿਰਜਣਹਾਰ ਨੂੰ ਪੂਰੀ ਤਰ੍ਹਾਂ ਨਾਲ ਸਮਝ ਜਾਏ, ਸੋਚਿਆ ਵੀ ਨਹੀਂ ਜਾ ਸਕਦਾ। ਭਲਾ ਪਾਣੀ ਦਾ ਇਕ ਕਤਰਾ ਸਮੁੰਦਰ ਨੂੰ ਸਮਝ ਸਕਦਾ ਹੈ? ਪਰ ਯਿਸੂ ਦੇ ਸਬੰਧ ਵਿਚ ਸਾਨੂੰ ਜੋ ਵੀ ਸਚਿਆਈ ਪਤਾ ਲਗਦੀ ਹੈ ਸਾਡੇ ਮਨ ਉਹਦਾ ਸਵਾਗਤ ਕਰਦੇ ਹਨ ਅਤੇ ਉਨ੍ਹਾਂ ਨੂੰ ਬੇਸ਼ੁਮਾਰ ਅਨੰਦ ਮਿਲੇਗਾ।

ਸਾਡੇ ਵਿਚਾਰ ਵਿਚ ਪਰਮੇਸ਼ੁਰ ਦੇ ਪੁੱਤਰ ਦੇ ਉਸ ਅਜੂਬੇ ਨੂੰ ਪਾਉਣ ਨਾਲੋਂ ਜਿਹੜਾ ਸਾਨੂੰ ਬਚਾਉਣ ਲਈ ਇਸ ਧਰਤੀ ਉੱਤੇ ਆਇਆ, ਵੱਡਾ ਕੋਈ ਟੀਚਾ ਨਹੀਂ ਹੋ ਸਕਦਾ। ਅਸੀਂ ਇਸ ਭੀੜ ਦੇ ਨਾਲ ਖਲੋਤੇ ਹਾਂ ਅਤੇ ਅਸੀਂ ਯਿਸੂ ਨੂੰ ਥੋੜ੍ਹਾ ਜਿਹਾ ਹੋਰ ਨੇੜੇ ਹੋ ਕੇ ਵੇਖਿਆ ਹੈ। ਉਹ ਤਰਸ ਕਰਨ ਵਾਲਾ, ਪਵਿੱਤਰ ਮਿਸ਼ਨ ਤੇ ਅਤੇ ਚਰਿੱਤਰਵਾਨ ਅਤੇ ਪ੍ਰਮਾਣਕ ਮਸੀਹ ਹੈ। ਇਸ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਉਹ ਸਾਨੂੰ ਹਮੇਸ਼ਾ ਪਿਆਰ ਕਰੇਗਾ, ਉਦੋਂ ਵੀ ਜਦੋਂ ਸਾਡੇ ਇਰਾਦੇ ਬਦਲੇ ਹੋਏ ਹੋਣ; ਉਹ ਸਾਨੂੰ ਬਚਾਉਣ ਦੀ ਇੱਛਾ ਤੋਂ ਕਦੇ ਪਿੱਛੇ ਨਹੀਂ ਹਟੇਗਾ। ਉਸ ਨੂੰ ਉਸ ਦੇ ਟੀਚੇ ਤੋਂ ਕੋਈ ਹਟਾ ਨਹੀਂ ਸਕਦਾ। ਉਹ ਸਾਡੇ ਨਾਲ ਬੇਈਮਾਨੀ ਨਹੀਂ ਕਰ ਸਕਦਾ ਕਿਉਂ ਜੋ ਉਹਦੇ ਲਈ ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਵਿਚ ਝੂਠਾ ਹੋਣਾ ਨਾ ਮੁਮਕਿਨ ਹੈ।

ਉਹਦੇ ਬਾਰੇ ਇਨ੍ਹਾਂ ਸਚਿਆਈਆਂ ਨੂੰ ਸਾਨੂੰ ਯਾਦ ਦੁਆਇਆ ਜਾਂਦਾ ਹੈ ਕਿ ਉਹ ਹਮੇਸ਼ਾ ਸਾਡੇ ਨਾਲ ਰਹੇਗਾ। ਅਤੇ ਸਾਨੂੰ ਹਰ ਹਾਲ ਵਿਚ ਹਮੇਸ਼ਾ ਉਹਦੇ ਨਾਲ ਤਹੱਈਆ ਕਰਨਾ ਜ਼ਰੂਰੀ ਹੈ! ਅਸੀਂ ਮਸੀਹ ਨੂੰ ਭੀੜ ਦੇ ਨਾਲ ਵੇਖਿਆ ਹੈ, ਅਤੇ ਅਸੀਂ ਇਸ ਨੂੰ ਕਦੇ ਭੁੱਲਾਂਗੇ ਨਹੀਂ।

### **ਜਦ ਯਿਸੂ ਸੇਵਕਾਂ ਨੂੰ ਚੁਣਦਾ ਹੈ** (3: 13-19)

ਮਰਕੁਸ 3: 13–19 ਵਿਚ ਇਲਾਹੀ ਵਚਨ ਦੇ ਰਾਹੀਂ ਪਵਿੱਤਰ ਆਤਮਾ ਸਾਨੂੰ ਯਿਸੂ ਦੀ ਸੇਵਕਾਈ ਤੇ ਇਕ ਅਹਿਮ ਬਦਲਾਅ ਵਾਲੇ ਥਾਂ ਤੇ ਲੈ ਜਾਂਦਾ ਹੈ। ਇਸ ਵਾਰ ਯਿਸੂ ਆਪਣੀ ਧਰਤੀ ਉਤਲੀ ਸੇਵਕਾਈ ਵਿਚ ਬਾਰਾਂ ਚੁਣੇ ਹੋਏ ਪੁਰਖਾਂ ਨੂੰ ਲੈ ਆਇਆ। ਯਿਸੂ ਨੂੰ ਪਤਾ ਸੀ ਕਿ ਉਸ ਨੇ ਦੁਨੀਆਂ ਵਿਚ ਬਹੁਤੀ ਦੇਰ ਤਕ ਨਹੀਂ ਰਹਿਣਾ ਹੈ (ਸ਼ਾਇਦ ਦੋ ਤੋਂ ਥੋੜ੍ਹੇ ਵੱਧ ਸਾਲਾਂ ਤਕ) ਅਤੇ ਉਹਦੇ ਲਈ ਉਨ੍ਹਾਂ ਲੋਕਾਂ ਨੂੰ ਚੁਣਨਾ ਜ਼ਰੂਰੀ ਸੀ ਜਿਹੜੇ ਉਸ ਦੇ ਮਿਸ਼ਨ ਨੂੰ ਅੱਗੇ ਲਿਜਾ ਸਕਣ। ਇੱਥੋਂ ਉਸ ਦੀ ਸੇਵਕਾਈ ਦਾ ਭਵਿੱਖ ਉਹਦੀ ਸੋਚ ਅਤੇ ਉਹਦੇ ਕੰਮਾਂ ਵਿਚ ਵਧੇਰੇ ਹਾਵੀ ਹੋ ਗਿਆ।

ਅਸੀਂ ਰਸੂਲਾਂ ਦੇ ਉਸ ਨੂੰ ਚੁਣਨ ਦੇ ਦੋ ਪੱਧਰਾਂ ਵਾਲੇ ਹੋਣ ਦੇ ਰੂਪ ਵਿਚ ਵੇਖ ਸਕਦੇ ਹਾਂ, ਜਿਸ ਵਿਚ ਇਕ ਤਾਂ ਅਸਲ ਪੱਧਰ ਹੈ ਅਤੇ ਦੂਜਾ ਲਾਗੂ ਕਰਨ ਦਾ ਪੱਧਰ। ਪਹਿਲੇ ਪੱਧਰ ਵਿਚ ਉਹ ਤੱਥ ਸਨ ਜਿਹੜੇ ਉਹ ਆਪਣੀ ਸੇਵਕਾਈ ਦੇ ਇਸ ਮੋੜ ਤੇ ਕਰ ਰਿਹਾ ਸੀ। ਵਚਨ ਸਾਨੂੰ ਦੱਸਦਾ ਹੈ ਕਿ ਉਸ ਨੇ ਕਿਨ੍ਹਾਂ ਨੂੰ ਚੁਣਿਆ, ਉਸ ਨੇ ਉਨ੍ਹਾਂ ਨੂੰ ਕਿਉਂ ਚੁਣਿਆ ਅਤੇ ਉਸ ਨੇ ਉਨ੍ਹਾਂ ਨੂੰ ਕਿਵੇਂ ਚੁਣਿਆ। ਉਹ ਉਨ੍ਹਾਂ ਲੋਕਾਂ ਨੂੰ ਚੁਣ ਰਿਹਾ ਸੀ ਜਿਨ੍ਹਾਂ ਦੀ ਉਹਦੇ ਨਾਲ ਸੰਗਤੀ ਅਤੇ ਸਿਖਲਾਈ ਨਿਰਾਲੇ ਢੰਗ ਨਾਲ ਕਲੀਸੀਆ ਦਾ ਅਧਾਰ ਬਣ ਜਾਣਾ ਸੀ। ਇਨ੍ਹਾਂ ਲੋਕਾਂ ਦੀ ਸਿਖਲਾਈ ਵਿਚ ਉਸ ਦੀ ਸੇਵਕਾਈ ਵਿਚ ਬਾਕੀ ਸਮੇਂ ਦਾ ਜ਼ਿਆਦਾਤਰ ਹਿੱਸਾ ਲਗ ਗਿਆ।

ਦੂਜਾ ਪੱਧਰ ਸਾਨੂੰ ਉਨ੍ਹਾਂ ਨਿਯਮਾਂ ਦਾ ਧਿਆਨ ਦੁਆਉਂਦਾ ਹੈ ਜਿਨ੍ਹਾਂ ਨੂੰ ਯਿਸੂ ਨੇ ਇਨ੍ਹਾਂ ਲੋਕਾਂ ਦੀ

ਚੋਣ ਕਰਨ ਵਿਚ ਲਾਗੂ ਕੀਤਾ। ਉਸ ਨੇ ਆਪਣੇ ਰਸੂਲਾਂ ਨੂੰ ਚੁਣਨ ਲਈ ਖ਼ਾਸ ਮਾਪਦੰਡ ਵਰਤਿਆ ਅਤੇ ਇਹ ਮਾਪਦੰਡ ਅੱਜ ਦੇ ਪੁਰਖਾਂ ਅਤੇ ਔਰਤਾਂ ਤੋਂ ਲੈ ਕੇ, ਜਵਾਨ ਅਤੇ ਬੁੱਢੇ ਸਭ ਚੇਲਿਆਂ ਉੱਤੇ ਲਾਗੂ ਹੁੰਦੇ ਹਨ। ਲੋਕਾਂ ਦੇ ਉਹਦੇ ਮਗਰ ਚੱਲਣ ਦੀ ਪਸੰਦ ਵਿਚ ਯਿਸੂ ਦੀਆਂ ਅਹਿਮ ਹਦਾਇਤਾਂ ਹੁੰਦੀਆਂ ਹਨ।

ਉਦੋਂ ਆਪਣੇ ਸੇਵਕਾਂ ਨੂੰ ਚੁਣਦਿਆਂ ਯਿਸੂ ਨੇ ਕਿਹੜੇ ਨਿਯਮਾਂ ਦੀ ਵਰਤੋਂ ਕੀਤੀ ਅਤੇ ਆਪਣੇ ਸੇਵਕਾਂ ਨੂੰ ਚੁਣਦਿਆਂ ਉਹ ਹੁਣ ਕਿਨ੍ਹਾਂ ਨਿਯਮਾਂ ਦੀ ਵਰਤੋਂ ਕਰਦਾ ਹੈ?

1. *ਯਿਸੂ ਆਪਣੇ ਸੇਵਕਾਂ ਦੀ ਚੋਣ ਬੜੀ ਗੰਭੀਰਤਾ ਨਾਲ ਕਰਦਾ ਹੈ।* ਲੂਕਾ ਦੱਸਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਸੱਦਣ ਤੋਂ ਪਹਿਲਾਂ ਉਹਨੇ ਪੂਰੀ ਰਾਤ ਦੁਆ ਕੀਤੀ। ਇਸ ਘਟਨਾ ਬਾਰੇ ਉਹਦਾ ਦੁਆ ਕਰਨਾ ਸੋਚ ਵਿਚਾਰ ਕੇ ਲਿਆ ਗਿਆ ਫ਼ੈਸਲਾ ਸੀ। ਇਸ ਕੰਮ ਦਾ ਉਹਦੇ ਮਨ ਤੇ ਬੜਾ ਬੋਝ ਸੀ। ਲੂਕਾ 6: 12, 13 ਇਸ ਨੂੰ ਵੱਡੀ ਗੰਭੀਰਤਾ ਦਾ ਸਮਾਂ ਦੱਸਦਾ ਹੈ: ''ਉਨ੍ਹੀਂ ਦਿਨੀਂ ਅਜਿਹਾ ਹੋਇਆ ਜੋ ਉਹ ਪ੍ਰਾਰਥਨਾ ਕਰਨ ਲਈ ਪਹਾੜ ਉੱਤੇ ਗਿਆ ਅਰ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦਿਆਂ ਸਾਰੀ ਰਾਤ ਕੱਟੀ। ਅਤੇ ਜਾਂ ਦਿਨ ਚੜ੍ਹਿਆ ਤਾਂ ਉਸ ਨੇ ਆਪਣਿਆਂ ਚੇਲਿਆਂ ਨੂੰ ਕੋਲ ਸੱਦਿਆ ਅਤੇ ਉਨ੍ਹਾਂ ਵਿੱਚੋਂ ਬਾਰ੍ਹਾਂ ਨੂੰ ਚੁਣ ਕੇ ਉਨ੍ਹਾਂ ਦਾ ਨਾਉਂ ਰਸੂਲ ਵੀ ਰੱਖਿਆ ਅਰਥਾਤ।'' ਇਨ੍ਹਾਂ ਲੋਕਾਂ ਨੇ ਖ਼ੁਦਾ ਦੀ ਸੇਵਕਾਈ ਨੂੰ ਅੱਗੇ ਵਧਾਉਣਾ ਸੀ ਅਤੇ ਮਨੁੱਖ ਦੇ ਪੁੱਤਰ ਦੇ ਰੂਪ ਵਿਚ ਉਹ ਦੁਆ ਕਰਦਿਆਂ ਰਹਿ ਕੇ ਖ਼ੁਦਾ ਦੀ ਮੌਜੂਦਗੀ ਵਿਚ ਇਸ ਚੋਣ ਉੱਤੇ ਧਿਆਨ ਲਾਉਣਾ ਚਾਹੁੰਦਾ ਸੀ।

ਭਲਾ ਅਸੀਂ ਇਹ ਨਹੀਂ ਕਹਿ ਸਕਦੇ ਕਿ ਯਿਸੂ ਅੱਜ ਕਿਸੇ ਨੂੰ ਆਪਣੀ ਸੇਵਾ ਲਈ ਚੁਣਨ ਬਾਰੇ ਬਹੁਤ ਗੰਭੀਰ ਹੁੰਦਾ ਹੈ? ਉਹ ਆਪਣਾ ਨੁਮਾਇੰਦਾ ਬਣਾਉਣ ਲਈ ਅਸਲੀ ਚੇਲਿਆਂ ਨੂੰ ਚਾਹੁੰਦਾ ਹੈ। ਅਜਿਹਾ ਕਿਉਂ ਹੈ? ਇਹਦਾ ਇਕ ਕਾਰਣ ਤਾਂ ਇਹ ਹੈ ਕਿ ਰੋਜ਼ ਮੱਰਾ ਦੀ ਜ਼ਿੰਦਗੀ ਵਿਚ ਉਹਦੇ ਮਿਸ਼ਨ ਦਾ ਵਧਣਾ ਇਸ ਗੱਲ ਨਾਲ ਤੈਅ ਹੁੰਦਾ ਹੈ ਕਿ ਯਿਸੂ ਨੇ ਕਿਹੋ ਜਿਹੇ ਚੇਲੇ ਰੱਖੇ ਹਨ। ਇਕ ਟਰੱਕ ਕੰਪਨੀ ਦੇ ਬਾਹਰ ਜਾਣ ਵਾਲੇ ਫ਼ਾਟਕ ਤੇ ਲਿਖਿਆ ਸੀ, ''ਇਸ ਫ਼ਾਟਕ ਤੋਂ ਅੱਗੇ ਤੁਸੀਂ ਕੰਪਨੀ ਦੇ ਨੁਮਾਇੰਦੇ ਹੋ।'' ਯਿਸੂ ਦਾ ਚੇਲਾ ਜਿੱਥੇ ਵੀ ਜਾਵੇ ਉਹ ਉੱਥੇ ਪਰਮੇਸ਼ੁਰ ਦੇ ਪੁੱਤਰ, ਮੁਕਤੀਦਾਤੇ ਦੀ ਨੁਮਾਇੰਦਗੀ ਕਰਦਾ ਹੁੰਦਾ ਹੈ। ਉਸ ਦੀ ਜ਼ਿੰਦਗੀ, ਗੱਲਾਂ, ਸੋਚ ਅਤੇ ਵਿਹਾਰ ਨਾਲ ਉਸ ਮਿਸ਼ਨ ਦਾ ਪਤਾ ਲਗਦਾ ਹੈ ਜਿਹੜਾ ਯਿਸੂ ਨੇ ਸੰਸਾਰ ਵਿਚ ਸ਼ੁਰੂ ਕੀਤਾ। ਚੇਲਾ **ਮਸੀਹ** (ੀ) ਹੈ ਭਾਵ ਉਹ ਮਸੀਹ ਦੀ ਨਕਲ ਹੈ ਭਾਵ ਉਹ ਮਸੀਹ ਦੀ ਨਕਲ ਹੈ। ਯਿਸੂ ਚਾਹੁੰਦਾ ਹੈ ਕਿ ਅਸੀਂ ਉਸ ਸੰਸਾਰ ਵਿਚ ਜਿਹ ਨੂੰ ਬਚਾਉਣ ਲਈ ਉਹ ਮਰਿਆ, ਉਸ ਨੂੰ ਵਫ਼ਾਦਾਰੀ ਨਾਲ ਪੇਸ਼ ਕਰੀਏ।

2. *ਯਿਸੂ ਆਪਣੇ ਸੇਵਕਾਂ ਨੂੰ ਇਕ ਮਿਸ਼ਨ ਲਈ ਚੁਣਦਾ ਹੈ।* ਉਹ ਨੇ ਇਨ੍ਹਾਂ ਰਸੂਲਾਂ ਨੂੰ ਖ਼ਾਸ ਕਾਰਣਾ ਕਰਕੇ ਚੁਣਿਆ ਮਰਕੁਸ ਨੇ ਕਿਹਾ ਹੈ, ''ਅਰ ਉਹ ਨੇ ਬਾਰਾਂ ਪੁਰਸ਼ ਠਹਿਰਾਏ ਜੋ ਉਹ ਦੇ ਨਾਲ ਰਹਿਣ ਅਤੇ ਉਹ ਉਨ੍ਹਾਂ ਨੂੰ ਭੇਜੇ ਭਈ ਪ੍ਰਚਾਰ ਕਰਨ ਨਾਲੇ ਭੂਤਾਂ ਦੇ ਕੱਢਣ ਦਾ ਇਖ਼ਤਿਆਰ ਰੱਖਣ'' (3: 14, 15)। ਉਸ ਨੇ ਯਿਸੂ ਦੇ ਇਨ੍ਹਾਂ ਲੋਕਾਂ ਨੂੰ ਚੁਣਨ ਦੇ ਤਿੰਨ ਕਾਰਣ ਦੱਸੇ।

ਪਹਿਲਾ, ਉਹ ਚਾਹੁੰਦਾ ਸੀ ਕਿ ਉਹ ''ਉਹਦੇ ਨਾਲ ਰਹਿਣ'' (3: 14)। ਉਨ੍ਹਾਂ ਨੇ ਉਸ ਨੂੰ ਆਪਣੇ ਮਿਸ਼ਨ ਨੂੰ ਪੂਰਾ ਕਰਦਿਆਂ ਵੇਖ ਕੇ ਉਹਦੇ ਬਾਰੇ ਜਾਣਨਾ ਸੀ। ਪ੍ਰਭੂ ਦਾ ਇਹ ਜੀਵਨ ਉਨ੍ਹਾਂ ਦੇ ਆਲੇ ਦੁਆਲੇ ਰਹਿਣਾ ਸੀ ਅਤੇ ਇਸ ਨੇ ਉਨ੍ਹਾਂ ਨੂੰ ਪ੍ਰਭਾਵਿਤ ਕਰਨਾ ਸੀ। ਯਿਸੂ ਨੇ ਨਮੂਨਾ ਬਣਨਾ ਸੀ ਅਤੇ ਉਨ੍ਹਾਂ ਨੇ ਵਿਦਿਆਰਥੀ ਬਣਨਾ ਸੀ।

ਦੂਜਾ, ਉਹ ਚਾਹੁੰਦਾ ਸੀ ਕਿ ''ਉਹ ਉਨ੍ਹਾਂ ਨੂੰ ਭੇਜੇ ਭਈ ਪ੍ਰਚਾਰ ਕਰਨ'' (3: 14)। ਪ੍ਰਚਾਰ ਕਰਨਾ ਯਿਸੂ ਦੇ ਕੰਮ ਦਾ ਪ੍ਰਮੁੱਖ ਹਿੱਸਾ ਸੀ ਅਤੇ ਉਸ ਨੇ ਪ੍ਰਚਾਰ ਕਰਨ ਦੇ ਆਪਣੇ ਮਿਸ਼ਨ ਨੂੰ ਉਨ੍ਹਾਂ ਨੂੰ ਦੇਣ ਲਈ ਉਨ੍ਹਾਂ ਨੂੰ ਚੁਣਿਆ। ਇਸ ਸਚਿਆਈ ਨੂੰ ਸਮਝਣ ਲਈ ਸਾਨੂੰ ਪੈਂਟੀਕਾਸਟ ਵਾਲੇ ਦਿਨ ਕੀਤੇ ਗਏ ਪ੍ਰਚਾਰ ਦੇ ਯੋਗਦਾਨ ਨੂੰ ਸਮਝਣਾ ਪਵੇਗਾ (ਕਰਤੱਬ 2)। ਇਹ ਉਨ੍ਹਾਂ ਵੱਡੀਆਂ ਘਟਨਾਵਾਂ

ਵਿੱਚੋਂ ਮੁੱਖ ਸਨ ਜਿਹੜੀਆਂ ਉਸ ਦਿਨ ਵਾਪਰੀਆਂ।

ਤੀਜਾ, ਉਹ ਉਨ੍ਹਾਂ ਨੂੰ ਇਹ ਵੇਖਣ ਵਿਚ ਮਦਦ ਕਰਨ ਚਾਹੁੰਦਾ ਸੀ ਕਿ ਉਹ ਸ਼ਤਾਨ ਨੂੰ ਹਰਾਉਣ ਲਈ ਆਇਆ। ਉਨ੍ਹਾਂ ਨੇ ਬਦਰੂਹਾਂ ਨੂੰ ਕੱਢਣ ਦੇ ਰਾਹੀਂ ਉਸ ਦੀ ਸਮਰੱਥਾ ਨੂੰ ਵਿਖਾਉਣਾ ਸੀ (3:15)। ਇਸ ਤਰ੍ਹਾਂ ਨਾਲ ਉਨ੍ਹਾਂ ਨੇ ਉਸ ਕੰਮ ਵਿਚ ਯੋਗਦਾਨ ਪਾਉਣਾ ਸੀ ਜਿਸਦਾ ਵਰਣਨ 1 ਯੂਹੰਨਾ 3:8 ਵਿਚ ਕੀਤਾ ਗਿਆ ਹੈ: ''ਪਰਮੇਸ਼ੁਰ ਦਾ ਪੁੱਤਰ ਇਸੇ ਲਈ ਪਰਗਟ ਹੋਇਆ ਭਈ ਸ਼ਤਾਨ ਦੇ ਕੰਮਾਂ ਨੂੰ ਨਸ਼ਟ ਕਰੇ।''

ਸਾਨੂੰ ਯਿਸੂ ਦੇ ਮਗਰ ਚੱਲਣ ਲਈ ਸੱਦਿਆ ਗਿਆ ਹੈ (ਮੱਤੀ 16:24)। ਸ਼ਾਇਦ ਅਸੀਂ ਇਹ ਕਹਿ ਸਕਦੇ ਹਾਂ ਕਿ ਸਾਨੂੰ ਯਿਸੂ ਦੇ ਨਾਲ ਹੋਣ ਅਤੇ ਸੰਸਾਰ ਵਿਚ ਉਹਦੇ ਨਾਲ ਜਾਣ ਲਈ ਚੁਣਿਆ ਗਿਆ ਹੈ। ਮਸੀਹਾ ਨੇ ਸਾਨੂੰ ਉਸ ਦੇ ਸਾਡੇ ਰਾਹੀਂ ਇਸ ਨੂੰ ਪੂਰਾ ਕਰਦੇ ਰਹਿਣ ਨਾਲ ਉਹਦੇ ਨਾਲ-ਨਾਲ ਚੱਲਦਿਆਂ ਉਹਦੇ ਮਿਸ਼ਨ ਨਾਲ ਜੁੜਨ ਲਈ ਆਖਿਆ ਹੈ। ਅਸੀਂ ਉਸ ਦੀ ਆਤਮਿਕ ਦੇਹ ਭਾਵ ਉਹਦੇ ਹੱਥ, ਅੱਖਾਂ ਅਤੇ ਪੈਰ ਬਣ ਗਏ ਹਾਂ। ਅਸੀਂ ਗੀਤ ਗਾਉਂਦੇ ਹਾਂ, ''ਉਹ ਮੈਨੂੰ ਜਿੱਥੇ ਵੀ ਲੈ ਜਾਵੇ ਮੈਂ ਜਾਵਾਂਗਾ।''[31] ਪਰ ਸਾਨੂੰ ਪਤਾ ਹੈ ਕਿ ਉਹ ਸਾਨੂੰ ਕਿੱਥੇ ਲਿਜਾਣਾ ਚਾਹੁੰਦਾ ਹੈ। ਅਸੀਂ ਪੂਰੀ ਦੁਨੀਆਂ ਵਿਚ ਸਲੀਬ ਦਾ ਸੰਦੇਸ਼ ਲੈ ਕੇ ਉਹਦੇ ਨਾਲ ਅੱਗੇ ਵਧ ਰਹੇ ਹਾਂ। ਲੋਕਾਂ ਨੂੰ ਸਾਡੀ ਲੋੜ ਹੈ ਅਤੇ ਅਸੀਂ ਉਨ੍ਹਾਂ ਵਿਚ ਰਹਿਣ ਅਤੇ ਉਨ੍ਹਾਂ ਦੀ ਸੇਵਾ ਕਰਨ ਲਈ ਯਿਸੂ ਦੇ ਨਾਂਅ ਵਿਚ ਅੱਗੇ ਵਧ ਰਹੇ ਹਾਂ।

3. ਇਕ ਹੋਰ ਸਚਿਆਈ ਸਾਡਾ ਧਿਆਨ ਖਿੱਚਦੀ ਹੈ: *ਯਿਸੂ ਆਪਣੇ ਸੇਵਕਾਂ ਨੂੰ ਜ਼ਿੰਦਗੀ ਭਰ ਲਈ ਚੁਣਦਾ ਹੈ।* ਇਨ੍ਹਾਂ ਰਸੂਲਾਂ ਨੂੰ ਧਰਤੀ ਤੋਂ ਉਸ ਦੇ ਚਲੇ ਜਾਣ ਦੇ ਬਾਅਦ ਉਹਦੇ ਕੰਮ ਨੂੰ ਅੱਗੇ ਵਧਾਉਣ ਲਈ ਸੱਦਿਆ ਗਿਆ ਸੀ। ਇੱਥੇ ਇਸ ਸਚਿਆਈ ਉੱਤੇ ਜ਼ੋਰ ਨਹੀਂ ਦਿੱਤਾ ਗਿਆ, ਪਰ ਚੁਬਾਰੇ ਵਾਲੇ ਕਮਰੇ ਵਿਚ ਗੱਲਬਾਤ ਵਿਚ ਇਸ ਨੂੰ ਸਾਫ਼ ਕੀਤਾ ਗਿਆ ਹੈ (ਯੂਹੰਨਾ 14-16)। ਉਸ ਨੇ ਉਨ੍ਹਾਂ ਨੂੰ ਆਪਣੀ ਹੋਣ ਵਾਲੀ ਮੌਤ ਦੇ ਬਾਰੇ ਬੜੇ ਸਹਿਜ ਢੰਗ ਨਾਲ ਦੱਸਿਆ ਅਤੇ ਉਸ ਨੇ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਉਹਨੇ ਉਨ੍ਹਾਂ ਨੂੰ ਯਤੀਮ ਨਹੀਂ ਛੱਡਣਾ ਸੀ (ਯੂਹੰਨਾ 14:18)। ਯਿਸੂ ਦੀ ਦਿਲਚਸਪੀ ਪਾਰਟ-ਟਾਈਮ ਚੇਲਿਆਂ ਜਾਂ ਸੇਵਕਾਂ ਵਿਚ ਨਹੀਂ ਹੈ। ਹਰ ਵਿਅਕਤੀ ਜਿਹੜਾ ਬਪਤਿਸਮੇ ਵਿਚ ਯਿਸੂ ਨਾਲ ਜੁੜਦਾ ਹੈ ਉਹ ਉਸ ਨੂੰ ਆਪਣੀ ਬਾਕੀ ਦੀ ਜ਼ਿੰਦਗੀ ਦੀ ਹਰ ਗੱਲ ਵਿਚ ਆਪਣਾ ਪ੍ਰਭੂ ਬਣਾ ਲੈਂਦਾ ਹੈ। ਇਨ੍ਹਾਂ ਬਾਰ੍ਹਾਂ ਨੂੰ ਫ਼ਜ਼ਲ ਨਾਲ ਭਰੇ ਮੁਕਤੀਦਾਤੇ ਦੇ ਰਾਹੀਂ ਉਨ੍ਹਾਂ ਦੀਆਂ ਬਾਕੀ ਦੀਆਂ ਜ਼ਿੰਦਗੀਆਂ ਲਈ ਰਸੂਲਾਂ ਦੇ ਰੂਪ ਵਿਚ ਸੇਵਾ ਕਰਨ ਲਈ ਤਿਆਰ ਕੀਤਾ ਜਾਣਾ ਸੀ। ਉਹ ਉਨ੍ਹਾਂ ਨੂੰ ਮਸੀਹੀ ਯੁੱਗ ਨੂੰ ਸ਼ੁਰੂ ਕਰਨ ਅਤੇ ਕਾਇਮ ਰੱਖਣ ਵਿਚ ਆਪਣੀ ਜ਼ਿੰਦਗੀ ਦੇ ਦੇਣ ਲਈ ਆਖ ਰਿਹਾ ਸੀ।

ਮਸੀਹੀਅਤ ਰੋਜ਼ ਅਨੁਭਵ ਕੀਤੇ ਜਾਣ ਵਾਲੀ ਗੱਲ ਹੀ ਨਹੀਂ ਬਲਕਿ ਇਹ ਜ਼ਿੰਦਗੀ ਭਰ ਦਾ ਅਨੁਭਵ ਵੀ ਹੈ। ਇਸ ਨੂੰ ਸਾਡੇ ਬਾਕੀ ਦੇ ਵਰ੍ਹਿਆਂ ਲਈ ਰੋਜ਼ ਹੰਢਾਇਆ ਜਾਂਦਾ ਹੈ। ਆਮ ਤੌਰ ਤੇ ਮੌਤ ਜ਼ਿੰਦਗੀ ਤੋਂ ਬਾਅਦ ਆਉਂਦੀ ਹੈ, ਪਰ ਚੇਲੇ ਦੀ ਜ਼ਿੰਦਗੀ ਵਿਚ ਮੌਤ ਜ਼ਿੰਦਗੀ ਤੋਂ ਪਹਿਲਾਂ ਆ ਗਈ। ਯਿਸੂ ਸਾਥੋਂ ਉਹਦੇ ਲਈ ਪਾਪ ਤੋਂ ਮਰਨ ਲਈ ਆਖਦਾ ਹੈ ਤਾਂ ਜੋ ਅਸੀਂ ਆਪਣੀ ਬਾਕੀ ਦੀ ਜ਼ਿੰਦਗੀ ਵਿਚ ਉਹਦੇ ਨਾਲ ਜੀ ਸਕੀਏ। ਵਿਆਹ ਦੇ ਵਕਤ ਪਤੀ ਪਤਨੀ ਵੱਲੋਂ ਕੀਤੇ ਗਏ ਵਾਅਦਿਆਂ ਵਾਂਗ ਯਿਸੂ ਨੂੰ ਆਪਣਾ ਦਿਲ ਦੇਣ ਦਾ ਵਚਨ ਬਾਕੀ ਦੀ ਜ਼ਿੰਦਗੀ ਉਹਦੇ ਨਾਲ ਕੱਟਣ ਦਾ ਵਾਅਦਾ ਕਰਨਾ ਹੈ। ਅਸੀਂ ਯਕੀਨ ਕਰ ਸਕਦੇ ਹਾਂ ਕਿ ਯਿਸੂ ਸਾਨੂੰ ਬਾਕੀ ਦੀ ਜ਼ਿੰਦਗੀ ਲਈ ਆਪਣਾ ਸੇਵਕ ਹੋਣਾ ਚੁਣਦਾ ਹੈ।

*ਨਿਚੋੜ:* ਇਹ ਸਾਫ਼ ਹੈ ਕਿ ਯਿਸੂ ਦੇ ਤਰੀਕੇ ਵਿਚ ਲੋਕ ਸ਼ਾਮਿਲ ਹੁੰਦੇ ਸਨ। ਭਾਵ ਉਸ ਦੀ ਯੋਜਨਾ ਲੋਕ ਹੁੰਦੇ ਸਨ। ਯਿਸੂ ਜਦੋਂ ਧਰਤੀ ਉੱਤੇ ਸੀ, ਤਾਂ ਉਹਨੇ ਕੋਈ ਦੌਲਤ ਜਮ੍ਹਾ ਨਹੀਂ ਕੀਤੀ (ਮੱਤੀ 8:20)। ਉਹਨੇ ਕੋਈ ਮਕਾਨ ਜਾਂ ਜਾਇਦਾਦ ਨਹੀਂ ਬਣਾਈ। ਇਕ ਅਰਥ ਵਿਚ ਉਹਦੇ ਕੋਲ

ਇਹ ਸਭ ਕੁਝ ਹੈ, ਪਰ ਉਹ ਇੱਥੇ ਇਕ ਮੁਸਾਫ਼ਰ ਵਾਂਗ ਰਿਹਾ। ਉਹਨੇ ਰਿਟਾਇਰਮੇਂਟ ਦੇ ਪੈਸੇ ਜਮ੍ਹਾ ਕਰਨ ਲਈ ਕਾਰੋਬਾਰ ਨਹੀਂ ਕੀਤਾ। ਉਹਨੇ ਆਪਣਾ ਮਨ ਮਰਦਾਂ ਅਤੇ ਔਰਤਾਂ ਨੂੰ ਆਪਣੇ ਚੇਲੇ ਬਨਾਉਣ ਚੁਣਨ ਲਈ ਲਾ ਰੱਖਿਆ। ਫਿਰ ਉਸ ਨੇ ਉਨ੍ਹਾਂ ਨੂੰ ਢਾਲ ਕੇ ਸੰਸਾਰ ਵਿਚ ਜਿੰਨਾਂ ਵੀ ਸਮਾਂ ਉਨ੍ਹਾਂ ਨੂੰ ਦਿੱਤਾ ਜਾਣਾ ਸੀ, ਸੇਵਾ ਕਰਨ ਲਈ ਭੇਜਿਆ।

ਭਲਾ ਅਸੀਂ ਉਸ ਨੂੰ ਸਾਨੂੰ ਚੁਣ ਕੇ, ਢਾਲਣ ਅਤੇ ਉਸ ਦੀ ਇੱਛਾ ਨੂੰ ਪੂਰਾ ਕਰਨ ਲਈ ਘੱਲਣ ਦਿਆਂਗੇ? ਜੇ ਸਾਡਾ ਜਵਾਬ ''ਹਾਂ'' ਹੈ ਤਾਂ ਸਾਡੇ ਲਈ ਹਰ ਗਲ ਵਿਚ ਆਗਿਆਕਰ ਹੋ ਕੇ ਇੰਜੀਲ ਨੂੰ ਗਲੇ ਲਾਉਣਾ ਜ਼ਰੂਰੀ ਹੈ। ਬਾਈਬਲ ਦੱਸਦੀ ਹੈ ਕਿ ਜੇ ਅਸੀਂ ਬਚਾਏ ਜਾਣਾ ਚਾਹੁੰਦੇ ਹਾਂ, ਤਾਂ ਸਾਡੇ ਲਈ ਮਸੀਹ ਨੂੰ ਪਰਮੇਸ਼ੁਰ ਦਾ ਪੁੱਤਰ ਮੰਨ ਕੇ ਉਸ ਵਿਚ ਆਪਣੀ ਨਿਹਚਾ ਦਾ ਇਕਰਾਰ ਕਰਨਾ, ਆਪਣੇ ਪਾਪਾਂ ਤੋਂ ਤੋਬਾ ਕਰਨਾ ਅਤੇ ਉਨ੍ਹਾਂ ਪਾਪਾਂ ਦੀ ਮਾਫ਼ੀ ਲਈ ਮਸੀਹ ਵਿਚ ਬਪਤਿਸਮਾ ਲੈਣਾ ਜ਼ਰੂਰੀ ਹੈ (ਵੇਖੋ ਕਰਤੱਬ 2:38; ਰੋਮੀਆਂ 10:8–10)। ਜਦ ਅਸੀਂ ਜ਼ਿੰਦਗੀ ਭਰ ਦੇ ਸਮਰਪਣ ਵਿਚ ਆਪਣੇ ਆਪ ਨੂੰ ਮਸੀਹ ਨੂੰ ਦੇ ਦਿਆਂਗੇ ਤਾਂ ਅਸੀਂ ਉਹਦੇ ਮਿਸ਼ਨ ਨੂੰ ਪੂਰਾ ਕਰਨ ਵਿਚ ਸਰਗਰਮੀ ਨਾਲ ਹਿੱਸਾ ਲੈ ਰਹੇ ਹੋਵਾਂਗੇ।

**ਜੀਉਣ ਦੀ ਜੀਵਨ-ਸ਼ੈਲੀ ਨੂੰ ਵੇਖਣਾ** (3:20, 21)

ਆਪਣੇ ਰਸੂਲਾਂ ਨੂੰ ਚੁਣ ਲੈਣ ਤੋਂ ਬਾਅਦ ਯਿਸੂ ਪਹਾੜ ਤੋਂ ਹੇਠਾਂ ਆਇਆ, ਅਤੇ ਮਰਕੁਸ ਦੇ ਮੁਤਾਬਿਕ ''ਉਹ ਘਰ ਆਇਆ'' (3:20)। ਜਿਸ ਘਰ ਦੀ ਗੱਲ ਕੀਤੀ ਗਈ ਹੈ ਇਹ ਉਹੀ ਘਰ ਹੋਵੇਗਾ ਜਿਸਦੀ ਵਰਤੋਂ ਉਹ ਕਫ਼ਰਨਾਹੂਮ ਵਿਚ ਕਰ ਰਿਹਾ ਸੀ। ਇਹ ਪਤਰਸ ਦਾ ਘਰ ਹੋ ਸਕਦਾ ਹੈ। ਸਾਫ਼ ਹੈ ਕਿ ਗਲੀਲ ਵਿਚ ਆਪਣਾ ਪ੍ਰਚਾਰ ਅਤੇ ਉਪਦੇਸ਼ ਦੇਣਾ ਸ਼ੁਰੂ ਕਰਨ ਤੇ ਯਿਸੂ ਨੇ ਆਪਣਾ ਦਫ਼ਤਰ ਨਾਸਰਤ ਤੋਂ ਕਫ਼ਰਨਾਹੂਮ ਵਿਚ ਲੈ ਆਂਦਾ।

ਜਦ ਲੋਕਾਂ ਨੂੰ ਪਤਾ ਲੱਗਾ ਕਿ ਯਿਸੂ ਸ਼ਹਿਰ ਵਿਚ ਹੈ, ਤਾਂ ਉਹਦੇ ਦੁਆਲੇ ਬਹੁਤ ਭੀੜ ਜਮ੍ਹਾ ਹੋ ਗਈ। ਉਹ ਉਸ ਨੂੰ ਸੁਣਨਾ ਚਾਹੁੰਦੇ ਸਨ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਆਪਣੇ ਬਿਮਾਰਾਂ ਨੂੰ ਉਹਦੇ ਕੋਲ ਲਿਆਉਣਾ ਚਾਹ ਰਹੇ ਸਨ। ਭਾਵੇਂ ਵਚਨ ਵਿਚ ਇਸ ਤੱਥ ਨੂੰ ਨਹੀਂ ਦੱਸਿਆ ਗਿਆ। ਮੰਗਾਂ ਨਾਲ ਭਰੀ ਭੀੜ ਉਹਦੇ ਦੁਆਲੇ ਰਹੀ ਸੀ, ਜਿਸ ਕਰਕੇ ਉਹਨੂੰ ਆਪਣੇ ਲਈ ਸਮਾਂ ਨਹੀਂ ਮਿਲਦਾ ਸੀ। ਮਤਲਬ ਉਹਦੇ ਕੋਲ ਖਾਣ ਦਾ ਸਮਾਂ ਵੀ ਨਹੀਂ ਹੁੰਦਾ ਸੀ। ਮਰਕੁਸ ਇਸ ਹਾਲਤ ਵਿਚ ਯਿਸੂ ਦੇ ਤਣਾਅ ਨੂੰ ਬੜਾ ਸਾਫ਼ ਵਿਖਾਉਂਦਾ ਹੈ: ''ਐਨੀ ਭੀੜ ਇਕੱਠੀ ਹੋਈ ਜੋ ਓਹ ਰੋਟੀ ਵੀ ਨਾ ਖਾ ਸਕੇ'' (3:20)।

ਉਹਦੇ ਘਰ ਦੇ ਕੁਝ ਲੋਕਾਂ (ਮੂਲ ਯੂਨਾਨੀ ਸ਼ਬਦ ਦਾ ਅਰਥ ''ਉਹਦੇ ਆਪਣੇ ਲੋਕਾਂ'') ਨੇ ਯਿਸੂ ਨੂੰ ਉਹਦੇ ਦੁਆਲੇ ਜਮ੍ਹਾ ਹੋਈ ਲੋਕਾਂ ਨੂੰ ਆਪਣਾ ਆਪ ਪੂਰੀ ਤਰ੍ਹਾਂ ਨਾਲ ਦਿੰਦਿਆਂ ਵੇਖਿਆ ਅਤੇ ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਦੀ ਮਦਦ ਕਰਦੇ ਕਰਦੇ ਉਹ ਕੁਝ ਜ਼ਿਆਦਾ ਹੀ ਅੱਗੇ ਨਿੱਕਲ ਗਿਆ। ਉਨ੍ਹਾਂ ਨੇ ਤਾਂ ਇਹ ਵੀ ਸੁਝਾਅ ਦੇ ਦਿੱਤਾ ਕਿ ਉਹਦਾ ਦਿਮਾਗ ਸਹੀ ਨਹੀਂ ਹੈ। ਮਰਕੁਸ ਨੇ ਲਿਖਿਆ, ''ਜਾਂ ਉਹ ਦੇ ਸਾਕਾਂ ਨੇ ਇਹ ਸੁਣਿਆ ਤਾਂ ਓਹ ਉਸ ਦੇ ਫੜ੍ਹਨ ਨੂੰ ਨਿੱਕਲੇ ਕਿਉਂ ਜੋ ਉਨ੍ਹਾਂ ਆਖਿਆ, ਉਹ ਆਪਣੇ ਆਪ ਤੋਂ ਬਾਹਰ ਹੋ ਗਿਆ!'' (3:21)। ਹਕੀਕਤ ਇਹ ਹੈ ਕਿ ਉਹਦੇ ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਲਗਦਾ ਸੀ ਕਿ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਉਸ ਨੂੰ ਉਨ੍ਹਾਂ ਲੋਕਾਂ ਤੋਂ ਬਚਾਉਣ ਜਿਹੜੇ ਉਸ ਤੋਂ ਕੁਝ ਵੱਧ ਹੀ ਮੰਗ ਰਹੇ ਸਨ। ਉਨ੍ਹਾਂ ਨੂੰ ਲਗਦਾ ਸੀ ਕਿ ਜਿਹੜਾ ਵੀ ਕੋਈ ਅਜਿਹਾ ਹੋਣ ਦੇਣ ਦੀ ਗੱਲ ਸੋਚਦਾ ਹੈ, ਉਹ ਸਹੀ ਨਹੀਂ ਸੋਚ ਰਿਹਾ ਹੈ।

ਇਸ ਹਾਲਤ ਵਿਚ ਸਾਨੂੰ ਯਿਸੂ ਦਾ ਇਕ ਸੰਕੇਤ ਚਿੱਤਰ ਮਿਲਦਾ ਹੈ ਜਿਹੜਾ ਹੋਰ ਡੂੰਘਿਆਈ ਨਾਲ ਸੋਚਣ ਦੀ ਮੰਗ ਕਰਦਾ ਹੈ। ਇਸ ਪਰੇਸ਼ਾਨੀ ਵਾਲੀ ਹਾਲਤ ਤੇ ਵਿਚਾਰ ਕਰਦਿਆਂ ਸਾਨੂੰ ਯਿਸੂ

ਦੀ ਰੋਜ਼ ਮੱਰਾ ਦੀ ਜਿੰਦਗੀ ਦੀ ਇਕ ਝਲਕ ਮਿਲਦੀ ਹੈ। ਯਿਸੂ ਕਿਹੋ ਜਿਹਾ ਦਿਸਦਾ ਸੀ। ਪਰਮੇਸ਼ੁਰ ਦੇ ਸਿੱਧ ਪੁੱਤਰ ਨੇ ਦਬਾਅ ਪਾਉਣ ਵਾਲੀ ਭੀੜ ਨੂੰ ਕਿਵੇਂ ਸੰਭਾਲਿਆ?

1. ਭਾਵੇਂ ਸਾਨੂੰ ਕੋਈ ਹੈਰਾਨੀ ਤਾਂ ਨਹੀਂ ਹੁੰਦੀ ਪਰ ਇਸ ਹਾਲਤ ਵਿਚ ਅਸੀਂ ਯਿਸੂ ਦੀ ਜੀਵਨ ਸ਼ੈਲੀ ਨੂੰ ਵੇਖਦੇ ਹਾਂ ਕਿ ਇਸ ਵਿਚ *ਤਿਆਗ ਕਰਨ ਵਾਲਾ ਗੁਣ* ਸੀ। ਉਸ ਨੂੰ ਹਮੇਸ਼ਾ ਭੀੜ ਤੇ ਤਰਸ ਆਉਂਦਾ ਸੀ ਅਤੇ ਉਹ ਉਨ੍ਹਾਂ ਦੀਆਂ ਲੋੜਾਂ ਨੂੰ ਆਪਣੀਆਂ ਲੋੜਾਂ ਨਾਲੋਂ ਤਰਜੀਹ ਦਿੰਦਾ ਸੀ।

ਲੋਕਾਂ ਲਈ ਯਿਸੂ ਦਾ ਪਿਆਰ ਸਲੀਬ ਉੱਤੇ ਬਿਲਕੁਲ ਸਾਫ਼ ਹੋ ਜਾਂਦਾ ਹੈ, ਜਦ ਉਸ ਨੇ ਸਭ ਲੋਕਾਂ ਲਈ, ਹਰ ਪਾਪ ਲਈ, ਹਮੇਸ਼ਾ ਲਈ ਕੁਰਬਾਨੀ ਦੇ ਰੂਪ ਵਿਚ ਆਪਣੀ ਜਾਨ ਦੇ ਦਿੱਤੀ। ਪਰ ਇੱਥੇ ਉਸ ਦੇ ਘਰ ਵਿਚ, ਯਿਸੂ ਦੀ ਰੋਜ਼ ਮੱਰਾ ਦੀ ਜ਼ਿੰਦਗੀ ਵਿਚ ਉਹ ਗੁਣ ਨਜ਼ਰ ਆਇਆ ਜਦ ਉਸ ਨੇ ਆਪਣੇ ਨਜ਼ਦੀਕ ਉਸ ਨੂੰ ਦਬਾਅ ਰਹੇ ਉਤਾਵਲੇ ਲੋਕਾਂ ਅੱਗੇ ਆਪਣੇ ਆਪ ਨੂੰ ਦੇ ਦਿੱਤਾ, ਤਾਂ ਜੋ ਉਹ ਉਸ ਨੂੰ ਸੁਣ ਸਕਣ ਜਾਂ ਉਸ ਨੂੰ ਛੂਹ ਸਕਣ। ਲੋਕਾਂ ਨੇ ਉਸ ਉੱਤੇ ਹਮਲਾ ਕੀਤਾ ਪਰ ਉਸ ਨੇ ਇਸ ਮੁਸ਼ਕਿਲ ਨੂੰ ਉਨ੍ਹਾਂ ਨੂੰ ਜਿਹੜੇ ਉਹਦੇ ਦਿਲ ਦੇ ਕਰੀਬ ਸਨ, ਸਿਖਾਉਣ ਲਈ ਖੂਬਸੂਰਤ ਪਲ ਵਿਚ ਬਦਲ ਦਿੱਤਾ।

ਸਾਡੇ ਪਾਪਾਂ ਲਈ ਕੁਰਬਾਨੀ ਦੇ ਰੂਪ ਵਿਚ ਆਪਣੇ ਆਪ ਨੂੰ ਦੇਣ ਤੋਂ ਵੀ ਪਹਿਲਾਂ ਯਿਸੂ ਨੇ ਕੁਰਬਾਨੀ ਭਰਿਆ ਜੀਵਨ ਗੁਜ਼ਾਰਿਆ। ਜਦ ਅਸੀਂ ਉਸ ਦੀ ਤਿਆਗ ਭਰੀ ਜ਼ਿੰਦਗੀ ਨੂੰ ਵੇਖਦੇ ਹਾਂ ਤਾਂ ਸਾਨੂੰ ਉਸ ਮੌਤ ਦੀ ਸਮਝ ਆਉਂਦੀ ਹੈ ਜਿਹੜੀ ਉਸ ਉੱਤੇ ਆਉਣ ਵਾਲੀ ਸੀ। ਉਹ ਲੋਕਾਂ ਲਈ ਜ਼ਿੰਦਾ ਰਿਹਾ; ਅਤੇ ਸਹੀ ਸਮੇਂ ਤੇ, ਉਸ ਨੇ ਲੋਕਾਂ ਲਈ ਮਰਨਾ ਸੀ।

ਇਸ ਕਾਰਣ ਕਿ ਯਿਸੂ ਨੇ ਆਪਣੇ ਆਪ ਨੂੰ ਲੋਕਾਂ ਲਈ ਐਨਾ ਖੁੱਲ੍ਹੇ ਤੌਰ ਤੇ ਦੇ ਦਿੱਤਾ ਜਿਸ ਨਾਲ ਉਸ ਦੇ ਦੋਸਤਾਂ ਅਤੇ ਉਹਦੇ ਅਜ਼ੀਜ਼ਾਂ ਨੇ ਉਹਨੂੰ ਉਨ੍ਹਾਂ ਤੋਂ ਦੂਰ ਕਰਨਾ ਚਾਹਿਆ। ਯਿਸੂ ਨੇ ਉਨ੍ਹਾਂ ਦਾ ਵਿਰੋਧ ਕੀਤਾ ਅਤੇ ਆਪਣਾ ਉਪਦੇਸ਼ ਜਾਰੀ ਰੱਖਿਆ। ਸਾਡੇ ਨਿੱਜੀ ਏਜੰਡਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਤੱਥ ਉੱਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਯੂਹੰਨਾ ਨੇ ਲਿਖਿਆ, ''ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ'' (1 ਯੂਹੰਨਾ 3: 16)। ''ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ'' ਵਾਕ ਅੰਸ਼ ਯਕੀਨਨ ਅਜਿਹੀ ਜ਼ਿੰਦਗੀ ਦੀ ਗੱਲ ਕਰਦਾ ਹੈ ਜਿਹੜੀ ਸਾਡੀ ਹੋਣੀ ਚਾਹੀਦੀ ਹੈ। ਰੋਜ਼ ਮੱਰਾ ਦੀਆਂ ਆਪਣੀਆਂ ਗਤੀਵਿਧੀਆਂ ਵਿਚ ਸਾਨੂੰ ਇਕ ਦੂਜੇ ਲਈ ''ਆਪਣੀਆਂ ਜਾਨਾਂ'' ਦੇਣੀਆਂ ਜ਼ਰੂਰੀ ਹਨ।

2. ਜਿਸ ਤਰੀਕੇ ਨਾਲ ਇੱਥੇ ਯਿਸੂ ਨੂੰ ਵਿਖਾਇਆ ਗਿਆ ਹੈ ਉਹ ਸਾਨੂੰ ਉਸ ਦੀ ਜੀਵਨ ਸ਼ੈਲੀ ਦੀ ਇਕ ਹੋਰ ਖੂਬੀ ਉੱਤੇ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ। ਇਸ ਵਿਚ ਉਹਦੀ ਸਿੱਧ ਜੀਵਨ ਸ਼ੈਲੀ ਦਾ *ਪੂਰੀ ਤਰ੍ਹਾਂ ਨਾਲ ਆਤਮਿਕ ਗੁਣ* ਸੀ। ਯਿਸੂ ਨੂੰ ਲੋਕਾਂ ਦੇ ਸਰੀਰਕ ਸ਼ਿੰਗਾਰ ਦੀ ਓਨੀ ਪਰਵਾਹ ਨਹੀਂ ਸੀ ਜਿੰਨੀ ਉਨ੍ਹਾਂ ਦੇ ਆਤਮਿਕ ਸੁਭਾਅ ਦੀ। ਭਾਵੇਂ ਉਹਨੇ ਬਿਮਾਰਾਂ ਨੂੰ ਚੰਗਿਆਂ ਕਰਨ ਅਤੇ ਅਪਾਹਿਜਾਂ ਨੂੰ ਠੀਕ ਕਰਨ ਵਿਚ ਅਣਗਿਣਤ ਘੰਟੇ ਬਿਤਾਏ, ਪਰ ਲੋਕਾਂ ਦੀ ਰੂਹਾਨੀ ਜ਼ਿੰਦਗੀ ਵਿਚ ਉਸ ਦੀ ਦਿਲਚਸਪੀ ਸਭ ਤੋਂ ਵੱਧ ਸੀ। ਇਸ ਮੌਕੇ ਤੇ ਉਹਨੇ ਆਪਣੇ ਭੋਜਨ ਨਾਲੋਂ ਵੀ ਲੋਕਾਂ ਨੂੰ ਅੱਗੇ ਰੱਖਿਆ। ਗ੍ਰਾਹੀ ਲੈਣ ਲਈ ਉਹ ਅੱਗੇ ਆ ਸਕਦਾ ਸੀ ਪਰ ਉਹ ਨਹੀਂ ਆਇਆ। ਸ਼ਾਇਦ ਖਾਣ ਦਾ ਵਿਚਾਰ ਵੀ ਯਿਸੂ ਦੇ ਦਿਮਾਗ਼ ਵਿਚ ਨਹੀਂ ਆਇਆ। ਲੋਕਾਂ ਦੀ ਸੇਵਾ ਕਰਨ ਵਿਚ ਉਹ ਐਨਾ ਰੁੱਝਾ ਸੀ ਕਿ ਉਹਦੀ ਸਮੇਂ ਸਾਰਣੀ ਵਿਚ ਖਾਣ ਲਈ ਕੋਈ ਸਮਾਂ ਹੀ ਨਹੀਂ ਬਚਦਾ ਸੀ।

ਜੋ ਕੁਝ ਇਸ ਘਰ ਵਿਚ ਹੋਇਆ, ਉਹ ਸਾਨੂੰ ਯੂਹੰਨਾ 4 ਅਧਿਆਇ ਵਿਚ ਖੂਹ ਤੇ ਯਿਸੂ ਦੇ ਨਾਲ ਜੋ ਕੁਝ ਹੋਇਆ ਸੀ ਉਹਦਾ ਧਿਆਨ ਦੁਆਉਂਦਾ ਹੈ। ਉਹਨੇ ਇਕ ਪਾਪਣ ਔਰਤ ਨੂੰ ਜ਼ਿੰਦਗੀ ਦੇ ਪਾਣੀ ਤਕ ਲਿਜਾਣ ਵਿਚ ਆਪਣਾ ਸਮਾਂ ਦੇ ਦਿੱਤਾ ਸੀ। ਅਤੇ ਆਪਣਾ ਦੁਪਹਿਰ ਦਾ ਖਾਣਾ ਨਹੀਂ

ਖਾਧਾ ਸੀ। ਚੇਲਿਆਂ ਨੇ ਜਿਨ੍ਹਾਂ ਨੂੰ ਪਤਾ ਸੀ ਕਿ ਉਹਨੇ ਖਾਣਾ ਨਹੀਂ ਖਾਧਾ ਹੈ, ਉਸ ਨੂੰ ਆਖਿਆ, ''ਸੁਆਮੀ ਜੀ, ਖਾ ਲੈ।'' ਯਿਸੂ ਨੇ ਆਖਿਆ, ''ਖਾਣ ਲਈ ਮੇਰੇ ਕੋਲ ਭੋਜਨ ਹੈ ਜਿਹ ਨੂੰ ਤੁਸੀਂ ਨਹੀਂ ਜਾਣਦੇ। ... ਮੇਰਾ ਭੋਜਨ ਇਹੋ ਹੈ ਜੋ ਆਪਣੇ ਭੇਜਣ ਵਾਲੇ ਦੀ ਮਰਜ਼ੀ ਤੇ ਚੱਲਾਂ ਅਤੇ ਉਹਦਾ ਕੰਮ ਸੰਪੂਰਣ ਕਰਾਂ'' (ਯੂਹੰਨਾ 4:31–34)। ਇਹ ਤਾਂ ਬਿਲਕੁਲ ਉਵੇਂ ਹੀ ਲਗਦਾ ਹੈ ਜਿਵੇਂ ਅਸੀਂ ਯਿਸੂ ਨੂੰ ਇੱਥੇ ਵੇਖਦੇ ਹਾਂ। ਹੈ ਕਿ ਨਹੀਂ?

ਸ਼ਾਇਦ ਇਕ ਵਿਸ਼ਵਾਸੀ ਮਿਸ਼ਨਰੀ ਨੂੰ ਯਿਸੂ ਦੀ ਇਸ ਖੂਬੀ ਦੀ ਸਮਝ ਸਾਡੇ ਨਾਲੋਂ ਜਿਹੜੇ ਬਾਕੀ ਦੇ ਹਨ, ਬਿਹਤਰ ਹੋ ਸਕਦੀ ਹੈ। ਮਿਸ਼ਨਰੀ ਦੀ ਭੁੱਖ ਲੋਕਾਂ ਦੀ ਰੂਹਾਨੀ ਜ਼ਿੰਦਗੀ ਲਈ ਹੁੰਦੀ ਹੈ। ਉਹ ਭੁੱਖ ਉਹ ਨੂੰ ਉਨ੍ਹਾਂ ਨੂੰ ਸਿਖਾਉਣ ਅਤੇ ਆਪਣੀ ਜ਼ਿੰਦਗੀ ਦੀ ਊਰਜਾ ਉਨ੍ਹਾਂ ਲਈ ਦੇਣ ਲਈ ਮਜਬੂਰ ਕਰਦੀ ਹੈ। ਜਦ ਉਹ ਉਨ੍ਹਾਂ ਵਿਚ ਯਿਸੂ ਨੂੰ ਅਕਾਰ ਲੈਂਦਿਆਂ ਵੇਖਦਾ ਹੈ ਤਾਂ ਉਹਨੂੰ ਉਹੀ ਅਨੰਦ ਮਿਲਦਾ ਹੈ ਜਿਹੜਾ ਸਾਨੂੰ ਆਪਣੇ ਪਰਿਵਾਰ ਕਿਸੇ ਬੱਚੇ ਦਾ ਜਨਮ ਹੋਣ ਤੇ ਮਿਲਦਾ ਹੈ। ਉਸ ਬੱਚੇ ਦੀਆਂ ਲੋੜਾਂ ਦਾ ਧਿਆਨ ਰੱਖਦਿਆਂ ਸਾਨੂੰ ਖਾਣਾ ਪੀਣਾ, ਸੌਣਾ ਜਾਂ ਨਹਾਉਣਾ ਵੀ ਭੁੱਲ ਜਾਂਦਾ ਹੈ। ਆਪਣੇ ਆਲੇ ਦੁਆਲੇ ਦੇ ਲੋੜਵੰਦ ਲੋਕਾਂ ਲਈ ਯਿਸੂ ਇਹੋ ਕੁਝ ਕਰਦਾ ਸੀ।

3. ਯਿਸੂ ਦੀ ਜੀਵਨ ਸ਼ੈਲੀ ਵਿਚ ਹੋਰ ਕੀ ਕੁਝ ਮਿਲਦਾ ਹੈ? ਇਸ ਵਚਨ ਵਿਚ ਅਸੀਂ ਵੇਖਦੇ ਹਾਂ ਕਿ ਉਸ ਦੀ ਜੀਵਨ ਸ਼ੈਲੀ ਵਿਚ *ਸੇਵਕ ਵਾਲਾ ਗੁਣ* ਸੀ। ਪੌਲੁਸ ਨੇ ਨਵੇਂ ਨੇਮ ਵਿਚ ਉਹਦੇ ਸੁਭਾਅ ਬਾਰੇ ਸਭ ਤੋਂ ਸ਼ਾਨਦਾਰ ਵਚਨਾਂ ਵਿੱਚੋਂ ਇਕ ਵਿਚ, ਯਿਸੂ ਦੇ ਸੇਵਕ ਹੋਣ ਦੀ ਗੱਲ ਕਹੀ, ਜਦ ਉਸ ਨੇ ਲਿਖਿਆ:

> ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ। ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿਚ ਜੰਮਿਆ (ਫ਼ਿਲਿੱਪੀਆਂ 2:5–7)।

ਯਿਸੂ ਜਾਣ–ਬੁੱਝ ਕੇ, ਮਕਸਦ ਭਰੇ ਢੰਗ ਨਾਲ ਅਤੇ ਲਾਜ਼ਮੀ ਤੌਰ ਤੇ ਲੋਕਾਂ ਦਾ ਸੇਵਕ ਸੀ। ਯਿਸੂ ਦੇ ਚੇਲੇ ਦੀ ਜ਼ਿੰਦਗੀ ਸੇਵਕ ਵਾਲੀ ਜ਼ਿੰਦਗੀ ਹੋਣੀ ਜ਼ਰੂਰੀ ਹੈ (ਵੇਖੋ ਫ਼ਿਲਿੱਪੀਆਂ 2:3, 4)।

ਯਿਸੂ ਸੰਸਾਰ ਵਿਚ ਇਸੇ ਕਰਕੇ ਆਇਆ ਤਾਂ ਜੋ ਉਹ ਸਾਨੂੰ ਪਿਤਾ ਨੂੰ ਵਿਖਾ ਸਕੇ (ਯੂਹੰਨਾ 14:9)। ਜਦ ਅਸੀਂ ਉਸ ਨੂੰ ਵੇਖਦੇ ਹਾਂ ਤਾਂ ਸਾਨੂੰ ਉਸ ਦਾ ਵਿਹਾਰ, ਸੁਭਾਅ, ਸਮਰਪਣ ਅਤੇ ਪਰਮੇਸ਼ੁਰ ਪਿਤਾ ਦਾ ਉਦੇਸ਼ ਨਜ਼ਰ ਆਉਂਦਾ ਹੈ। ਜਦ ਅਸੀਂ ਯਿਸੂ ਨੂੰ ਵੇਖਦੇ ਹਾਂ ਤਾਂ ਅਸੀਂ ਪਿਤਾ ਨੂੰ ਵੇਖਦੇ ਹਾਂ। ਜਦ ਅਸੀਂ ਖ਼ੁਦਾ ਦੀ ਗੱਲ ਕਰਦੇ ਹਾਂ ਤਾਂ ਸਾਡੇ ਧਿਆਨ ਵਿਚ ਯਿਸੂ ਆ ਜਾਂਦਾ ਹੈ। ਚੇਲੇ ਲਈ ਆਪਣੇ ਮਾਲਕ ਵਰਗਾ ਬਣਨਾ ਜ਼ਰੂਰੀ ਹੈ। ਜਦ ਅਸੀ ਯਿਸੂ ਨੂੰ ਵੇਖਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਇਕ ਚੇਲੇ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ; ਜਦ ਅਸੀਂ ਚੇਲੇ ਨੂੰ ਵੇਖਦੇ ਹਾਂ ਤਾਂ ਸਾਨੂੰ ਵੇਖਣਾ ਚਾਹੀਦਾ ਹੈ ਕਿ ਯਿਸੂ ਕਿਹੋ ਜਿਹਾ ਹੈ।

*ਨਿਚੋੜ:* ਤਾਰੀਫ਼ ਕਰਨ ਅਤੇ ਮੰਨਣ ਲਈ ਯਿਸੂ ਦੀ ਜੀਵਨ ਸ਼ੈਲੀ ਸਾਡੇ ਲਈ ਆਦਰਸ਼ ਹੈ, ਪਰ ਯਾਦ ਰੱਖੋ ਕਿ ਯਿਸੂ ਦੀ ਜੀਵਨ ਸ਼ੈਲੀ ਦੇ ਮੁਤਾਬਿਕ ਜੀਣ ਵਾਲੇ ਨੂੰ ਗਲਤ ਸਮਝਿਆ ਜਾਵੇਗਾ, ਉਹਦੀ ਅਲੋਚਨਾ ਕੀਤੀ ਜਾਵੇਗੀ ਅਤੇ ਸ਼ਾਇਦ ਉਸ ਨੂੰ ਕਮਲਾ ਵੀ ਮੰਨ ਲਿਆ ਜਾਵੇ। ਯਿਸੂ ਅਤੇ ਪੌਲੁਸ ਨਾਲ ਅਜਿਹਾ ਹੀ ਹੋਇਆ ਸੀ ਅਤੇ ਕਈ ਵਾਰ ਅਸਲ ਮਸੀਹੀ ਨਾਲ ਇਵੇਂ ਹੀ ਹੋ ਸਕਦਾ ਹੈ। ਦੁਨੀਆਂ ਨੂੰ ਇਸ ਜੀਵਨ ਸ਼ੈਲੀ ਦੀ ਸਮਝ ਨਹੀਂ ਹੈ। ਹੋਰਨਾਂ ਦਾ ਮੰਨਣਾ ਹੈ ਕਿ ਇਹ ਬੇਤੁਕਾ ਹੈ ਅਤੇ ਉਹ ਸਾਨੂੰ ਕੁਰਬਾਨੀ ਭਰੀ ਮਸੀਹੀ ਜ਼ਿੰਦਗੀ ਤੋਂ ''ਬਚਾਉਣਾ'' ਚਾਹ ਸਕਦੇ ਹਨ।

ਪੂਰੀ ਤਰ੍ਹਾਂ ਨਾਲ ਰੂਹਾਨੀ ਅਤੇ ਸੇਵਾ ਲਈ ਆਪਣੇ ਆਪ ਨੂੰ ਦੇ ਦੇਣ ਦੇ ਬਾਅਦ, ਯਿਸੂ ਨੇ ਆਪਾ

ਨਹੀਂ ਗੁਆਇਆ। ਨਹੀਂ ਉਸ ਨੇ ਤਾਂ ਅਸਲ ਆਪਾ ਵਿਖਾਇਆ ਸੀ। ਯਿਸੂ ''ਆਪੇ ਤੋਂ ਬਾਹਰ'' ਨਹੀਂ ਸੀ, ਜਿਵੇਂ ਕਿ ਕਈਆਂ ਦਾ ਮੰਨਣਾ ਸੀ (KJV) ਬਲਕਿ ਉਹ ਤਾਂ ਅਸਲ ਆਪੇ ਵਿਚ ਭਾਵ ਖ਼ੁਦਾ ਦੇ ਰੱਬੀ ਪੁੱਤਰ ਦੇ ਰੂਪ ਵਿਚ ਸੀ। ਉਹਦਾ ਦਿਮਾਗ ਖ਼ਰਾਬ ਨਹੀਂ ਸੀ, ਜਿਵੇਂ ਕਿ ਕਈਆਂ ਨੂੰ ਲਗਦਾ ਹੈ (NIV)। ਬਲਕਿ ਯਿਸੂ ਤਾਂ ਖ਼ੁਦਾ ਦੇ ਦਿਮਾਗ ਨਾਲ ਚੱਲ ਰਿਹਾ ਸੀ; ਉਸ ਦਿਮਾਗ਼ ਨਾਲ ਜਿਸ ਨੂੰ ਉਹ ਪ੍ਰਗਟ ਕਰਨ ਆਇਆ ਸੀ।

ਚੇਲਾ ਹੋਣ ਦੀ ਇਸ ਜੀਵਨ ਸ਼ੈਲੀ ਦੀ ਸ਼ੁਰੂਆਤ ਯਿਸੂ ਵਰਗਾ ਮਨ ਬਣ ਜਾਣ ਨਾਲ ਹੁੰਦੀ ਹੈ। ਜਦ ਕੋਈ ਆਪਣੇ ਮਨ ਵਿਚ ਇਹ ਧਾਰ ਲੈਂਦਾ ਹੈ ਕਿ ਉਹ ਕਿਹੋ ਜਿਹੀ ਜ਼ਿੰਦਗੀ ਜੀਏਗਾ। ਜਿਹੋ ਜਿਹਾ ਕੋਈ ਸੋਚਦਾ ਹੈ ਉਹੋ ਜਿਹਾ ਹੀ ਉਹ ਹੈ (ਕਹਾਉਤਾਂ 23:7 ਦੇਖੋ)। ਜੇ ਕੋਈ ਖੇਡਾਂ ਲਈ ਸਮਰਪਿਤ ਹੈ, ਦੁਨੀਆਂ ਘੁੰਮਣਾ ਉਹਨੂੰ ਚੰਗਾ ਲਗਦਾ ਹੈ, ਜਾਂ ਉਸ ਨੂੰ ਕਿਤਾਬਾਂ ਪੜ੍ਹਨ ਦਾ ਜਨੂਨ ਹੈ, ਤਾਂ ਉਸ ਦੇ ਮਨ ਦੀ ਦਿਲਚਸਪੀ ਉਸ ਤੋਂ ਪਤਾ ਲਗ ਜਾਏਗੀ ਜਿਸ ਨੂੰ ਉਹ ਸਲਾਹੁੰਦਾ ਜਾਂ ਜਿਹੋ ਜਿਹੀ ਜ਼ਿੰਦਗੀ ਉਹ ਜੀਉਂਦਾ ਹੈ। ਯਿਸੂ ਪਿਆਰ ਨਾਲ ਭਰਿਆ, ਰੂਹਾਨੀ ਅਤੇ ਸੇਵਾ ਕਰਨ ਵਾਲਾ ਸੀ, ਕਿਉਂ ਜੋ ਉਸ ਦਾ ਮਨ ਪਰਮੇਸ਼ੁਰ ਦਾ ਸੀ। ਉਹ ਆਪਣੇ ਕੰਮ, ਆਪਣੇ ਅਰਾਮ, ਆਪਣੀ ਜ਼ਿੰਦਗੀ ਅਤੇ ਲੋਕਾਂ ਲਈ ਆਪਣੇ ਪਿਆਰ ਵਿਚ ਖ਼ੁਦਾ ਦਾ ਜ਼ਿੰਦਾ ਪੁੱਤਰ ਸੀ। ਸਭ ਤੋਂ ਉੱਚੀ ਜ਼ਿੰਦਗੀ ਜਿਹੜੀ ਕੋਈ ਜੀ ਸਕਦਾ ਹੈ, ਉਹਦੀ ਜ਼ਿੰਦਗੀ ਵਰਗੀ ਜ਼ਿੰਦਗੀ ਹੈ, ਪਰ ਆਓ ਪਹਿਲਾਂ ਖ਼ਰਚੇ ਦਾ ਹਿਸਾਬ ਲਾ ਲਈਏ।

ਸਭ ਤੋਂ ਵਧੀਆ ਜ਼ਿੰਦਗੀ ਜੀਣ ਦੀ ਕੀਮਤ ਚੁਕਾਉਣੀ ਪੈਂਦੀ ਹੈ। ਮਤਲਬ ਇਹ ਕਿ ਇਹਦੇ ਲਈ ਤਿਆਗ ਵਾਲਾ ਸੁਭਾਅ, ਡੂੰਘੀ ਰੂਹਾਨੀਅਤ ਅਤੇ ਸੇਵਾ ਵਾਲੀ ਜ਼ਿੰਦਗੀ ਹੋਣੀ ਜ਼ਰੂਰੀ ਹੈ।

**ਰੂਹਾਨੀ ਮੌਤ ਦਾ ਭਿਆਨਕ ਸਫ਼ਰ** (3:22-30)

ਗ੍ਰੰਥੀ ਅਤੇ ਫ਼ਰੀਸੀ ਯਿਸੂ ਦੇ ਸਮੇਂ ਦੇ ਪ੍ਰਭਾਵਸ਼ਾਲੀ ਧਾਰਮਿਕ ਗੁਰੂ ਸਨ। ਬਹੁਤ ਸਾਰੇ ਗ੍ਰੰਥੀ ਪੁਰਾਣੇ ਨੇਮ ਦੀ ਬਾਈਬਲ ਦੀਆਂ ਨਕਲਾਂ ਬਨਾਉਣ ਲਈ ਕਈ-ਕਈ ਘੰਟੇ ਕੰਮ ਕਰਦੇ ਸਨ। ਲੋਕ ਇਨ੍ਹਾਂ ਗ੍ਰੰਥੀਆਂ ਨੂੰ ਬਾਈਬਲ ਦੇ ਸਭ ਤੋਂ ਜਾਣਕਾਰ ਗੁਰੂ ਮੰਨਦੇ ਸਨ।

ਕੁਝ ਗ੍ਰੰਥੀ ਯਿਸੂ ਉੱਤੇ ਨਜ਼ਰ ਰੱਖਣ ਲਈ ਯਰੂਸ਼ਲਮ ਤੋਂ ਗਲੀਲ ਵਿਚ ਆਏ ਸਨ। ਉਹਦਾ ਪਿੱਛਾ ਕਰਦੇ ਕਰਦੇ ਉਨ੍ਹਾਂ ਨੇ ਉਸ ਨੂੰ ਬੋਲਦਿਆਂ ਅਤੇ ਚਮਤਕਾਰ ਕਰਦਿਆਂ ਵੇਖਿਆ ਸੀ। ਇਸ ਦੇ ਨਾਲ ਹੀ ਉਹ ਉਹਦੀ ਜ਼ਿੰਦਗੀ ਅਤੇ ਕੰਮ ਨੂੰ ਪਰਖ ਵੀ ਸਕਦੇ ਸਨ। ਉਸ ਨੂੰ ਚੰਗੀ ਤਰ੍ਹਾਂ ਜਾਂਚ ਪਰਖ ਕਰ ਲੈਣ ਤੋਂ ਬਾਅਦ ਉਹ ਉਹਦੇ ਬਾਰੇ ਆਪਣੇ ਫ਼ੈਸਲੇ ਤੇ ਪਹੁੰਚੇ ਸਨ।

ਯਿਸੂ ਨਾਲ ਪਹਿਲੀ ਵਾਰ ਮਿਲਣ ਤੇ ਇਨ੍ਹਾਂ ਗ੍ਰੰਥੀਆਂ ਨੇ ਇਕ ਰੂਹਾਨੀ ਸਫ਼ਰ ਤੇ ਜਾਣਾ ਚੁਣਿਆ। ਜਿਹੜਾ ਉਨ੍ਹਾਂ ਨੂੰ ਯਿਸੂ ਦੇ ਸਬੰਧ ਵਿਚ ਇਕ ਖ਼ਤਰਨਾਕ ਮੁਲਾਂਕਣ ਦਾ ਐਲਾਨ ਕਰਨ ਤਕ ਲੈ ਗਿਆ। ਅਖ਼ੀਰ ਵਿਚ ਉਹ ਇਕ ਹਨ੍ਹੇਰ ਭਰੀ ਡਰਾਉਣੀ ਥਾਂ ਤੇ ਪਹੁੰਚ ਗਏ। ਉਨ੍ਹਾਂ ਦੇ ਮਨ ਐਨੇ ਵਿਗੜ ਚੁੱਕੇ ਸਨ ਕਿ ਉਨ੍ਹਾਂ ਨੂੰ ''ਮਾਫ਼ ਨਾ ਕੀਤੇ ਜਾ ਸਕਣ ਵਾਲੇ ਮਨ'' ਆਖਿਆ ਜਾ ਸਕਦਾ ਸੀ। ਉਨ੍ਹਾਂ ਦਾ ਸਫ਼ਰ ਸਭ ਤੋਂ ਖ਼ਤਰਨਾਕ ਸਫ਼ਰ ਸੀ ਜਿਸ ਤੇ ਕੋਈ ਮਨੁੱਖ ਚੱਲਿਆ ਹੋਵੇ। ਆਓ ਉਨ੍ਹਾਂ ਦੇ ਅਫ਼ਸੋਸਨਾਕ ਸਫ਼ਰ ਨੂੰ ਵੇਖਦੇ ਹਾਂ ਜਿਹੜਾ ਉਨ੍ਹਾਂ ਦੀ ਰੂਹਾਨੀ ਮੌਤ ਨਾਲ ਖ਼ਤਮ ਹੋਇਆ।

1. ਇਸ ਸਭ ਦੀ ਸ਼ੁਰੂਆਤ ਕਿੱਥੋਂ ਹੋਈ? ਇਹਦੀ ਸ਼ੁਰੂਆਤ ਖ਼ੁਦਾ ਦੇ ਪੁੱਤਰ ਨੂੰ *ਠੁਕਰਾਉਣ* ਨਾਲ ਹੋਈ। ਉਨ੍ਹਾਂ ਨੇ ਉਸ ਨੂੰ ਬੋਲਦੇ ਹੋਏ ਸੁਣਿਆ ਸੀ ਅਤੇ ਉਸ ਦੇ ਮੋਅਜਜ਼ਿਆਂ ਨੂੰ ਵੇਖਿਆ ਸੀ। ਰੱਬੀ ਇੰਤਜ਼ਾਮ ਦੇ ਰਾਹੀਂ ਯਿਸੂ ਦੀ ਨਿਹਕਲੰਕ ਜ਼ਿੰਦਗੀ ਦਾ ਧਿਆਨ ਨਾਲ ਅਧਿਐਨ ਕਰਨ ਦੀ ਇਜਾਜ਼ਤ ਪਾ ਕੇ, ਉਹ ਉਹਦੇ ਅੱਗੇ ਪਿੱਛੇ ਰਹਿੰਦੇ ਸਨ ਅਤੇ ਆਪਣੇ ਨੋਟਸ ਲਿਖਦੇ ਸਨ। ਪਰ ਐਨੇ ਸਾਰੇ ਮੌਕੇ ਮਿਲਣ ਦੇ ਬਾਵਜੂਦ ਉਨ੍ਹਾਂ ਨੇ ਯਿਸੂ ਨੂੰ ਨਕਾਰ ਦਿੱਤਾ ਸੀ। ਉਨ੍ਹਾਂ ਨੇ ਉਸ ਸਚਿਆਈ ਨੂੰ

ਨਕਾਰਿਆ ਸੀ ਜਿਹੜੀ ਯਿਸੂ ਨੇ ਦੱਸੀ ਸੀ, ਅਤੇ ਉਨ੍ਹਾਂ ਨੇ ਉਸ ਨੂੰ ਵੀਜੋ ਯਿਸੂ ਸੀ, ਨਕਾਰਿਆ ਸੀ। ਉਹ ਧਰਤੀ ਉੱਤੇ ਪਰਮੇਸ਼ੁਰ ਦੇ ਪੁੱਤਰ ਨਾਲ ਮਿਲੇ ਸਨ, ਪਰ ਉਸ ਨੂੰ ਮਿਲਣ ਦੇ ਬਾਵਜੂਦ ਉਹ ਉਨ੍ਹਾਂ ਲੋਕਾਂ ਦੇ ਨਾਲ ਸਨ ਜਿਸ ਨੇ ਉਸ ਨੂੰ ਸਲੀਬ ਦੇਣਾ ਸੀ।

2. ਉਨ੍ਹਾਂ ਦੇ ਸਫ਼ਰ ਦਾ ਦੂਜਾ ਹਿੱਸਾ ਉਸ *ਐਲਾਨ* ਵਿਚ ਹੈ ਜਿਹੜਾ ਉਨ੍ਹਾਂ ਨੇ ਕੀਤਾ। ਆਪਣੇ ਨਿਚੋੜ ਤਕ ਪਹੁੰਚਣ ਲਈ ਉਨ੍ਹਾਂ ਨੂੰ ਕੁਝ ਸਮਾਂ ਲੱਗਾ, ਪਰ ਹੁਣ ਉਹ ਨਿਚੋੜ ਤੇ ਪਹੁੰਚ ਚੁੱਕੇ ਸਨ ਅਤੇ ਇਸ ਦਾ ਐਲਾਨ ਕਰ ਵਾਲੇ ਸਨ। ਇਸ ਉੱਤੇ ਵਿਚਾਰ ਕਰਨਾ ਇਕ ਗੱਲ ਹੈ, ਪਰ ਲੋਕਾਂ ਵਿਚ ਇਸ ਦਾ ਐਲਾਨ ਕਰਨਾ ਬਿਲਕੁਲ ਵੱਖਰੀ ਗੱਲ ਹੈ।

ਗ੍ਰੰਥੀਆਂ ਨੇ ਯਿਸੂ ਦੇ ਸਬੰਧ ਵਿਚ ਆਪਣਾ ਫ਼ੈਸਲਾ ਦੋ ਵਾਕਾਂ ਵਿਚ ਦਿੱਤਾ: ‘‘ਉਹ ਬਆਲਜ਼ਬੂਲ ਨਾਲ ਮਿਲਿਆ ਹੋਇਆ ਹੈ’’ ਅਤੇ ‘‘ਉਹ ਭੂਤਾਂ ਦੇ ਸਰਦਾਰ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹੈ’’ (3:22)। ਉਨ੍ਹਾਂ ਨੇ ਕਿਹਾ ਕਿ ਬਆਲਜ਼ਬੂਲ ਉਹਦੇ ਅੰਦਰ ਹੈ ਜਾਂ ਉਹਦੇ ਉੱਤੇ ਕਾਬਜ਼ ਹੈ, ਮਤਲਬ ਇਹ ਕਿ ਸ਼ਤਾਨ ਆਪ ਯਿਸੂ ਵਿਚ ਹੈ ਅਤੇ ਉਸ ਉੱਤੇ ਕਾਬਜ਼ ਹੈ। ਉਨ੍ਹਾਂ ਨੇ ਇਹ ਵੀ ਆਖਿਆ ਕਿ ਉਹ ਬਆਲਜ਼ੂਲ ਦੀ ਸ਼ਕਤੀ ਨਾਲ ਚਮਤਕਾਰ ਕਰਦਾ ਤੇ ਭੂਤਾਂ ਨੂੰ ਕੱਢਦਾ ਹੈ। ਪੁਰਾਣੇ ਨੇਮ ਵਿਚ ‘‘ਬਆਲਜ਼ਬੂਲ’’ ਦਾ ਅਰਥ ਸ਼ਾਇਦ ‘‘ਮੱਖੀਆਂ ਦਾ ਮਾਲਕ’’ ਵਰਗਾ ਕੁਝ ਹੈ। ਪਰ ਨਵੇਂ ਨੇਮ ਦੇ ਜ਼ਮਾਨੇ ਵਿਚ ਇਸ ਨੂੰ ਸ਼ਤਾਨ ਨਾਲ ਜੋੜਿਆ ਜਾਂਦਾ ਹੈ।

ਇਹ ਨਾਂਅ ਜਿਹੜਾ ਉਨ੍ਹਾਂ ਨੇ ਯਿਸੂ ਦੇ ਕੰਮਾਂ ਲਈ ਦਿੱਤਾ ਉਨ੍ਹਾਂ ਸਭ ਤੋਂ ਖ਼ਰਾਬ ਵੇਰਵਿਆਂ ਵਿੱਚੋਂ ਇਕ ਸੀ ਜਿਹੜੇ ਖ਼ੁਦਾ ਦੇ ਪੁੱਤਰ ਦੇ ਸਬੰਧ ਵਿੱਚ ਦਿੱਤੇ ਜਾ ਸਕਦੇ ਸਨ। ਇਹਦਾ ਮਤਲਬ ਇਹ ਹੋਇਆ ਕਿ ਯਿਸੂ ਦੇ ਸਬੰਧ ਵਿਚ ਕੁਝ ਵੀ ਪਵਿੱਤਰ ਨਹੀਂ ਸੀ, ਭਾਵ ਉਹ ਪੂਰੀ ਤਰ੍ਹਾਂ ਨਾਲ ਬੁਰਾ ਸੀ ਅਤੇ ਉਸ ਵਿਚ ਆਪਣੇ ਆਪ ਵਿਚ ਕੋਈ ਸ਼ਕਤੀ ਨਹੀਂ ਸੀ ਬਲਕਿ ਉਹ ਤਾਂ ਬੁਰਿਆਈ ਦੀ ਸ਼ਕਤੀ ਨਾਲ ਕੰਮ ਕਰਦਾ ਸੀ।

ਯਿਸੂ ਨੇ ਗ੍ਰੰਥੀਆਂ ਨੂੰ ਸਿਖਾਉਣ ਦੀ ਕੋਸ਼ਿਸ਼ ਬੰਦ ਨਹੀਂ ਕੀਤੀ। ਉਸ ਨੇ ਉਨ੍ਹਾਂ ਨੂੰ ਇਕੱਠੇ ਕੀਤਾ ਅਤੇ ਉਨ੍ਹਾਂ ਨੂੰ ਦੋ ਉਦਾਹਰਣਾਂ ਦਿੱਤੀਆਂ। ਪਹਿਲੀ ਉਦਾਹਰਣ ਫੁੱਟ ਦੇ ਕਮਜ਼ੋਰ ਕਰਨ ਬਾਰੇ। ਉਸ ਨੇ ਆਖਿਆ, ‘‘ਸ਼ਤਾਨ ਨੂੰ ਸ਼ਤਾਨ ਕਿਸ ਤਰ੍ਹਾਂ ਕੱਢ ਸੱਕਦਾ ਹੈ?’’ (3:23)। ਯਿਸੂ ਨੇ ਦਲੀਲ ਦਿੱਤੀ ਕਿ ਸ਼ਤਾਨ ਦੇ ਆਪਣੇ ਹੀ ਵਿਰੋਧ ਵਿਚ ਹੋਣ ਦੀ ਗੱਲ ਸੋਚਣਾ ਬੇਤੁਕਾ ਹੈ। ਜੇ ਉਹ ਅਜਿਹਾ ਕਰਦਾ ਤਾਂ ਉਸ ਨੇ ਆਪਣੇ ਆਪ ਨੂੰ ਹੀ ਬਰਬਾਦ ਕਰ ਲੈਣਾ ਸੀ। ਉਸ ਨੇ ਅੱਗੇ ਕਿਹਾ ਕਿ ਕੋਈ ਰਾਜ ਜੇ ਆਪਣੇ ਉੱਤੇ ਹਮਲਾ ਕਰਦਾ ਹੈ ਤਾਂ ਉਹ ਬਰਬਾਦ ਹੋ ਜਾਵੇਗਾ। ਆਪਣੀ ਗੱਲ ਨੂੰ ਹੋਰ ਪੱਕਾ ਕਰਨ ਲਈ ਉਸ ਨੇ ਆਖਿਆ ਕਿ ਇਹੀ ਗੱਲ ਘਰ ਉੱਤੇ ਲਾਗੂ ਹੁੰਦੀ ਹੈ। ਉਸ ਨੇ ਆਖਿਆ ਕਿ ਜੇ ਕੋਈ ਘਰ ਆਪਣਾ ਹੀ ਵਿਰੋਧੀ ਹੋਵੇ ਤਾਂ ਉਹ ਢਹਿ ਜਾਵੇਗਾ। ਯਿਸੂ ਦੇ ਸਮੇਂ ਵੀ ਲੋਕਾਂ ਨੇ ਪਰਿਵਾਰਾਂ ਨੂੰ ਖਿੰਡਦੇ ਵੇਖਿਆ ਸੀ ਕਿਉਂ ਜੋ ਘਰ ਦੇ ਲੋਕ ਇਕ ਦੂਜੇ ਦੇ ਉਲਟ ਹੋ ਗਏ ਸਨ। ਉਹ ਇਕ ਦੂਜੇ ਨੂੰ ਉਦੋਂ ਤਕ ਚੱਕੀਂ ਫਾੜ ਖਾਣ ਲਈ ਤਿਆਰ ਰਹਿੰਦੇ ਸਨ ਜਦ ਤਕ ਉਹ ਘਰ ਪੂਰੀ ਤਰ੍ਹਾਂ ਨਾਲ ਬਰਬਾਦ ਨਾ ਹੋ ਜਾਵੇ। ‘‘ਇਸ ਕਰਕੇ’’, ਉਹਦਾ ਕਹਿਣਾ ਸੀ ਕਿ ‘‘ਮੇਰਾ ਨਿਚੋੜ ਸਾਫ਼ ਹੈ ਅਤੇ ਸਹੀ ਸੋਚ ਵਾਲੇ ਹਰ ਵਿਅਕਤੀ ਨੂੰ ਇਸ ਨੂੰ ਮੰਨਣਾ ਪਵੇਗਾ ਕਿ ‘ਇਸ ਕਰਕੇ ਜੇ ਸ਼ਤਾਨ ਆਪਣਾ ਹੀ ਵਿਰੋਧੀ ਹੋ ਕੇ ਆਪਣੇ ਅੰਦਰ ਹੀ ਫੁੱਟ ਪਾਵੇ ਤਾਂ ਉਹ ਕਿਵੇਂ ਬਣਿਆ ਰਹਿ ਸਕਦਾ ਹੈ? ਉਹਦਾ ਤਾਂ ਖ਼ਾਤਮਾ ਹੋ ਜਾਵੇਗਾ’’’ (ਵੇਖੋ 3:26)। ਯਿਸੂ ਦਾ ਕਹਿਣਾ ਸੀ ਕਿ ਇਹ ਕਹਿਣਾ ਬੇਤੁਕਾ ਹੈ ਕਿ ਉਹਨੂੰ ਸ਼ਤਾਨ ਦੀ ਸ਼ਕਤੀ ਨਾਲ ਬਦਰੂਹਾਂ ਨੂੰ ਕੱਢਿਆ ਸੀ। ਉਹ ਇਨ੍ਹਾਂ ਗ੍ਰੰਥੀਆਂ ਨੂੰ ਇਹ ਸਚਿਆਈ ਦੱਸ ਦੇਣਾ ਚਾਹੁੰਦਾ ਸੀ ਕਿ ਉਹ ਕੌਣ ਹੈ।

ਪਰ ਯਿਸੂ ਦੀ ਗੱਲ ਅਜੇ ਖ਼ਤਮ ਨਹੀਂ ਹੋਈ ਸੀ। ਉਹਨੇ ਇਕ ਹੋਰ ਉਦਾਹਰਣ ਦੇ ਦਿੱਤੀ। ਉਹਨੇ ਕਿਸੇ ਤਾਕਤਵਰ ਨੂੰ ਲੁੱਟਣ ਵਾਲਿਆਂ ਦੇ ਤਰੀਕੇ ਦੀ ਗੱਲ ਕੀਤੀ। ਉਸ ਨੇ ਆਖਿਆ, ‘‘ਪਰ ਕੋਈ

ਕਿਸੇ ਜ਼ੋਰਾਵਰ ਦੇ ਘਰ ਵਿੱਚ ਵੜ ਕੇ ਉਹ ਦਾ ਅਸਬਾਬ ਲੁੱਟ ਨਹੀਂ ਸਕਦਾ ਜੇ ਪਹਿਲਾਂ ਉਸ ਜ਼ੋਰਾਵਰ ਨੂੰ ਬੰਨ੍ਹ ਨਾ ਲਵੇ ਤਦ ਉਹ ਉਸ ਦਾ ਘਰ ਲੁੱਟੇਗਾ'' (3:27)। ਯਿਸੂ ਦੀ ਗੱਲ ਇਕ ਵਾਰ ਫੇਰ ਤੋਂ ਬਿਲਕੁਲ ਸਾਫ਼ ਹੈ। ਇਕ ਅਰਥ ਵਿਚ ਉਹ ਸਮਝਾ ਰਿਹਾ ਸੀ ਕਿ ''ਮੈਂ ਸ਼ਤਾਨ ਨੂੰ 'ਲੁੱਟ ਲਿਆ' ਹੈ।'' ਪ੍ਰਤੀਕ ਦੇ ਰੂਪ ਵਿਚ ਕਹੀਏ ਤਾਂ ਯਿਸੂ ਨੇ ਸ਼ਤਾਨ ਦੇ ਘਰ ਵਿਚ ਆਣ ਕੇ ਉਹਦੀਆਂ ਬਦਰੂਹਾਂ ਨੂੰ ਕੱਢ ਦਿੱਤਾ। ਉਹਨੇ ਅਜਿਹਾ ਕਿਵੇਂ ਕੀਤਾ ਸੀ? ਉਹਨੇ ਸ਼ਤਾਨ ਨੂੰ ਆਪਣੇ ਜ਼ੋਰਾਵਰ ਹੱਥ ਨਾਲ ਫੜ੍ਹ ਰੱਖਿਆ ਅਤੇ ਬਦਰੂਹਾਂ ਨੂੰ ਉਨ੍ਹਾਂ ਵਿੱਚੋਂ ਕੱਢ ਦਿੱਤਾ ਜਿਨ੍ਹਾਂ ਵਿਚ ਉਹ ਰਹਿੰਦੀਆਂ ਸਨ। ਆਪਣੇ ਮੋਅਜਜ਼ਿਆਂ ਵਿਚ ਉਸ ਦਖ਼ਲ ਦੇਣ ਤੋਂ ਰੋਕਣ ਲਈ ਉਹਦਾ ਸ਼ਤਾਨ ਨੂੰ ਫੜ੍ਹ ਕੇ ਰੱਖਣਾ ਜ਼ਰੂਰੀ ਸੀ।

ਗ੍ਰੰਥੀਆਂ ਦੇ ਇਲਜ਼ਾਮ ਦੇ ਬੇਤੁਕੇਪਣ ਨੂੰ ਵਿਖਾਉਂਦੇ ਹੋਏ ਯਿਸੂ ਨੇ ਇਸ ਨੂੰ ਪੂਰੀ ਤਰ੍ਹਾਂ ਨਾਲ ਨੰਗਾ ਕਰ ਦਿੱਤਾ। ਭਲਾ ਸ਼ਤਾਨ ਨੇ ਆਪਣੇ ਆਪ ਨੂੰ ਬੰਨ੍ਹ ਕੇ, ਆਪਣਾ ਸਮਾਨ ਆਪੇ ਲੁੱਟਣਾ ਸੀ? ਕੋਈ ਇਹ ਯਕੀਨ ਨਹੀਂ ਸਕਦਾ ਸੀ! ਗ੍ਰੰਥੀਆਂ ਦੀ ਦਲੀਲ ਵਿਚ ਕੋਈ ਸਚਿਆਈ ਨਹੀਂ ਸੀ। ਯਿਸੂ ਦੀ ਗੱਲ ਬਿਲਕੁਲ ਸਾਫ਼ ਸੀ, ਫਿਰ ਵੀ ਗ੍ਰੰਥੀਆਂ ਨੇ ਸਚਿਆਈ ਨੂੰ ਮੰਨਣ ਤੋਂ ਬਿਲਕੁਲ ਇਨਕਾਰ ਕਰ ਦਿੱਤਾ।

3. ਇਸ ਖ਼ਤਰਨਾਕ ਸਫ਼ਰ ਦਾ ਤੀਜਾ ਹਿੱਸਾ ਇਹ ਹੈ ਕਿ ਗ੍ਰੰਥੀ *ਉਸ ਗਿਰਾਵਟ* ਤਕ ਚਲੇ ਗਏ ਜਿਹੜੀ ਛੁਟਕਾਰੇ ਤੋਂ ਬਾਹਰ ਸੀ। ਯਿਸੂ ਨੇ ਇਹ ਕਹਿਣ ਲਈ ਕਿ ਉਹ ਕਿੱਥੇ ਸਨ ਆਪਣੀ ਗੱਲ ਇਹ ਆਖਦਿਆਂ ਸ਼ੁਰੂ ਕੀਤੀ: ''ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਮਨੁੱਖਾਂ ਦੇ ਪੁੱਤਰਾਂ ਦੇ ਸਾਰੇ ਪਾਪ ਅਤੇ ਕੁਫ਼ਰ ਜਿੰਨੇ ਓਹ ਬਕਣਗੇ ਮਾਫ਼ ਕੀਤੇ ਜਾਣਗੇ'' (3:28)। ਅੱਗੇ ਉਸ ਨੇ ਸਾਫ਼-ਸਾਫ਼ ਆਖਿਆ ਕਿ ਇਕ ਪਾਪ ਨੂੰ ਛੱਡ ਕੇ ਹਰ ਪਾਪ ਮਾਫ਼ ਹੋ ਸਕਦਾ ਹੈ। ਤਰਸੁਸਵਾਸੀ ਸੌਲੁਸ ਜਿਹੜਾ ਵੱਡਾ ਰਸੂਲ ਪੌਲੁਸ ਬਣਿਆ, ਬਾਅਦ ਵਿਚ ਯਿਸੂ ਵੱਲੋਂ ਇੱਥੇ ਕਹੀ ਜਾ ਰਹੀ ਗੱਲ ਦੀ ਵਧੀਆ ਮਿਸਾਲ ਬਣ ਗਿਆ। ਤਿਮੋਥਿਉਸ ਦੇ ਨਾਂਅ ਲਿਖੇ ਇਕ ਖ਼ਤ ਵਿਚ ਪੌਲੁਸ ਨੇ ਆਖਿਆ, ''ਭਾਵੇਂ ਮੈਂ ਪਹਿਲਾਂ ਕੁਫ਼ਰ ਬਕਣ ਵਾਲਾ ਅਤੇ ਸਤਾਉਣ ਵਾਲਾ ਅਤੇ ਧੱਕੇਖੋਰਾ ਸਾਂ ਪਰ ਮੇਰੇ ਉੱਤੇ ਰਹਿਮ ਹੋਇਆ ਇਸ ਲਈ ਜੋ ਮੈਂ ਇਹ ਬੇਪਰਤੀਤੀ ਵਿਚ ਅਣਜਾਣਪੁਣੇ ਨਾਲ ਕੀਤਾ'' (1 ਤਿਮੋਥਿਉਸ 1:13)। ਦੂਜੇ ਸ਼ਬਦਾਂ ਵਿਚ ਖ਼ੁਦਾ ਦੀ ਕਿਰਪਾ ਵਿਚ ਜ਼ਬਰਦਸਤ ਵਿਆਪਕਤਾ ਹੈ। ਜੇ ਅਸੀਂ ਤੋਬਾ ਕਰ ਲਈਏ, ਤਾਂ ਸਾਡੇ ਸਭ ਪਾਪ ਮਾਫ਼ ਹੋ ਜਾਣਗੇ, ਸੰਤਾਂ ਨੂੰ ਸਤਾਉਣ ਤੋਂ ਲੈ ਕੇ ਗੁੱਸੇ ਵਿਚ ਕਿਸੇ ਭਰਾ ਨੂੰ ਤਕਲੀਫ਼ ਦੇਣ ਤਕ, ਭਾਵੇਂ ਉਹ ਕਿੰਨੇ ਵੀ ਛੋਟੇ ਜਾਂ ਕਿੰਨੇ ਵੀ ਵੱਡੇ ਕਿਉਂ ਨਾ ਹੋਣ।

ਇਸ ਤੋਂ ਬਾਅਦ ਯਿਸੂ ਨੇ ਉਨ੍ਹਾਂ ਉੱਤੇ ਗੰਭੀਰ ਸ਼ਬਦਾਂ ਨਾਲ, ਜਿਨ੍ਹਾਂ ਵਿਚ ਉਹ ਆਖ ਸਕਦਾ ਸੀ, ਆਪਣੇ ਅਲੋਚਕਾਂ ਦੇ ਬਰਬਾਦੀ ਦੇ ਰਾਹ ਤੇ ਜਾਣ ਦਾ ਵਰਣਨ ਕੀਤਾ: ''ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬੋਲੇ ਉਹ ਨੂੰ ਕਦੇ ਵੀ ਮਾਫ਼ੀ ਨਹੀਂ ਮਿਲੇਗੀ ਪਰ ਉਹ ਸਦਾ ਦੇ ਪਾਪ ਦੇ ਵੱਸ ਵਿੱਚ ਆ ਗਿਆ'' (3:29)। ਪ੍ਰਭੂ ਦੇ ਇਸ ਐਲਾਨ ਨੂੰ ਲਿਖ ਦੇਣ ਤੋਂ ਬਾਅਦ ਮਰਕੁਸ ਨੇ ਝੱਟ ਇਸ ਨੂੰ ਸਹੀ ਠਹਿਰਾ ਦਿੱਤਾ। ਉਸ ਨੇ ਆਖਿਆ ਕਿ ਯਿਸੂ ਨੇ ਇਹ ਦਾਅਵਾ ਇਸ ਕਰਕੇ ਕੀਤਾ ''ਕਿਉਂ ਜੋ ਉਨ੍ਹਾਂ ਆਖਿਆ ਸੀ ਭਈ ਭਰਿਸ਼ਟ ਆਤਮਾ ਉਹ ਦੇ ਵਿੱਚ ਹੈ'' (3:30)।

ਇਨ੍ਹਾਂ ਗ੍ਰੰਥੀਆਂ ਨੇ ਜਿਨ੍ਹਾਂ ਨਾਲ ਯਿਸੂ ਗੱਲ ਕਰ ਰਿਹਾ ਸੀ, ਉਸ ਨੂੰ ਉਪਦੇਸ਼ ਦਿੰਦਿਆਂ ਸੁਣਿਆ ਅਤੇ ਉਨ੍ਹਾਂ ਨੇ ਉਸ ਨੂੰ ਮੋਅਜਜ਼ੇ ਕਰਦੇ ਵੇਖਿਆ ਸੀ। ਉਨ੍ਹਾਂ ਨੂੰ ਉਸ ਦੀ ਸਚਿਆਈ ਨੂੰ ਜਾਣਨ ਦੇ ਇਕ ਤੋਂ ਵੱਧ ਇਕ ਮੌਕੇ ਦਿੱਤੇ ਗਏ ਸਨ। ਪਰ ਉਨ੍ਹਾਂ ਨੇ ਉਸ ਸਚਿਆਈ ਨੂੰ ਨਕਾਰ ਦਿੱਤਾ ਸੀ। ਇਸ ਨਕਾਰਨ ਵਿਚ ਸਭ ਤੋਂ ਵਧ ਕੇ ਉਨ੍ਹਾਂ ਨੇ ਯਿਸੂ ਉੱਤੇ ਸ਼ਤਾਨ ਦੇ ਕਾਬਜ਼ ਹੋਣ ਅਤੇ ਉਹਦੇ ਸ਼ਤਾਨ ਦੀ ਸ਼ਕਤੀ ਨਾਲ ਮੋਅਜਜ਼ੇ ਕਰਨ ਦਾ ਇਲਜ਼ਾਮ ਲਾਇਆ ਸੀ। ਉਨ੍ਹਾਂ ਦੇ ਕੰਮਾਂ ਅਤੇ ਉਨ੍ਹਾਂ ਦੀਆਂ ਗੱਲਾਂ ਤੋਂ ਯਿਸੂ ਲਈ ਸਾਫ਼ ਸੰਕੇਤ ਸੀ ਕਿ ਉਨ੍ਹਾਂ ਦੇ ਮਨ ਐਨੇ ਸਖ਼ਤ ਹੋ ਚੁੱਕੇ ਸਨ ਕਿ ਉਨ੍ਹਾਂ ਦੀ ਕੋਈ ਮੁਰੰਮਤ ਨਹੀਂ ਹੋ ਸਕਦੀ ਸੀ। ਯਿਸੂ ਨੇ ਆਖਿਆ ਕਿ ਉਨ੍ਹਾਂ ਨੇ ਉਸ ਸਚਿਆਈ ਨੂੰ ਨਕਾਰ ਕੇ ਕਿ ਉਹ ਕੌਣ ਹੈ, ਪਵਿੱਤਰ ਆਤਮਾ ਦੇ ਵਿਰੁੱਧ ਪਾਪ ਕੀਤਾ ਸੀ। ਉਨ੍ਹਾਂ ਦੇ ਮਨ ਬੁਰਿਆਈ ਨਾਲ

ਐਨੇ ਸਖ਼ਤ ਹੋ ਚੁੱਕੇ ਸਨ ਕਿ ਉਹ ਕਦੇ ਵੀ ਤੋਬਾ ਕਰਕੇ ਉਹਦੀ ਸਚਿਆਈ ਨੂੰ ਗ੍ਰਹਿਣ ਨਹੀਂ ਕਰ ਸਕਦੇ ਸਨ। ਉਨ੍ਹਾਂ ਨੇ ਆਪਣੇ ਮਨਾਂ ਨੂੰ ਅਜਿਹੇ ਬਣਾ ਲਿਆ ਸੀ ਜਿਨ੍ਹਾਂ ਦੀ ਮਾਫ਼ੀ ਨਹੀਂ ਹੋ ਸਕਦੀ।

*ਨਿਚੋੜ:* ਸਭ ਤੋਂ ਵੱਡਾ ਪਾਪ ਮਨ ਨੂੰ ਸਖ਼ਤ ਕਰਕੇ ਵਿਸ਼ਵਾਸ ਕਰਨ ਤੋਂ ਇਨਕਾਰ ਕਰਨਾ ਹੈ। ਕੋਈ ਉਸ ਰਾਹ ਤੇ ਉਸ ਤੋਂ ਹੇਠਾਂ ਵੱਲ ਨੂੰ ਜਾ ਸਕਦਾ ਹੈ ਜਿੱਥੋਂ ਉਹ ਵਾਪਸ ਨਹੀਂ ਆਉਂਦਾ। ਉਹਦਾ ਮਨ ਸਚਿਆਈ ਨੂੰ ਨਕਾਰਨ ਅਤੇ ਯਿਸੂ ਦੇ ਖ਼ਿਲਾਫ਼ ਬਗ਼ਾਵਤ ਕਰਨ ਨਾਲ ਬਰਬਾਦ ਹੋ ਸਕਦਾ ਹੈ। ਜ਼ਿੱਦੀ ਮਨ ਨੂੰ ਸਿਖਾਇਆ ਨਹੀਂ ਜਾ ਸਕਦਾ।

ਹਰ ਕਿਸੇ ਨੂੰ ਆਪਣੇ ਮਨ ਨੂੰ ਉਸ ਸਚਿਆਈ ਵੱਲ ਜਾਣ ਤੇ ਲਾਉਣਾ ਚਾਹੀਦਾ ਹੈ ਜਿਹੜੀ ਯਿਸੂ ਨੇ ਦੱਸੀ ਹੈ। ਜਦ ਤਕ ਉਹ ਸਚਿਆਈ ਵੱਲ ਅੱਗੇ ਵਧਦਾ ਹੈ ਉਦੋਂ ਤਕ ਉਹ ਮਨੁੱਖੀ ਮਨ ਦੇ ਸਖ਼ਤ ਹੋਣ ਤੋਂ ਬਚਿਆ ਹੋਇਆ ਹੈ। ਪਰ ਜੇ ਉਹ ਆਪਣੇ ਮਨ ਨੂੰ ਗਲਤ ਪਾਸੇ ਭਾਵ ਯਿਸੂ ਨੂੰ ਠੁਕਰਾਉਣ ਵੱਲ ਨੂੰ ਅਤੇ ਸ਼ਤਾਨ ਦੇ ਨਾਲ ਅਨੰਦ ਭਰੀ ਸੰਗਤੀ ਵੱਲ ਨੂੰ ਜਾਣ ਦਿੰਦਾ ਹੈ ਤਾਂ ਉਹਦਾ ਹਰ ਕਦਮ ਅਬਦੀ ਪਾਪ ਵੱਲ ਨੂੰ ਵਧਦੇ ਹੋਏ, ਉਹਦੇ ਮਨ ਨੂੰ ਅਜਿਹਾ ਬਣਾ ਦਿੰਦਾ ਹੈ ਜਿਸਦੀ ਮਾਫ਼ੀ ਨਹੀਂ ਹੋ ਸਕਦੀ।

ਆਓ ਉਸ ਸਾਰੀ ਖਰਾਈ ਨਾਲ ਜਿਹੜੀ ਸਾਡੇ ਅੰਦਰ ਹੈ ਆਪਣੇ ਆਪ ਤੋਂ ਪੁੱਛੀਏ, ''ਮੈਂ ਕਿੱਧਰ ਜਾ ਰਿਹਾ ਹਾਂ– ਸਚਿਆਈ ਵੱਲ ਨੂੰ ਜਾਂ ਇਸ ਤੋਂ ਦੂਰ।'' ਸਾਡੇ ਅੱਗੇ ਆਉਣ ਵਾਲਾ ਸਭ ਤੋਂ ਵੱਡਾ ਸਵਾਲ ਇਹੀ ਹੋਵੇਗਾ।

**ਯਿਸੂ ਦੇ ਪਰਿਵਾਰ ਦੇ ਲੋਕ ਹੋਣਾ** (3:31-35)

ਮਰਕੁਸ 3 ਵਿਚ ਇਕ ਵਾਰ ਫੇਰ ਤੋਂ ਯਿਸੂ ਨੂੰ ਕਿਸੇ ਘਰ ਦੇ ਅੰਦਰ ਲੋਕਾਂ ਨੂੰ ਉਪਦੇਸ਼ ਦਿੰਦਿਆਂ ਵਿਖਾਇਆ ਗਿਆ ਹੈ (ਵੇਖੋ 3:20, 21) ਪਿੰਡ ਦੇ ਲੋਕ ਉਸ ਨੂੰ ਸੁਣਨ ਲਈ ਆ ਗਏ ਸਨ। ਜਿਸ ਕਰਕੇ ਸਾਰਾ ਘਰ ਭਰ ਗਿਆ। ਮਰਕੁਸ ਨੇ ਆਖਿਆ, ''ਬਹੁਤ ਲੋਕ ਉਹ ਦੇ ਚੁਫੇਰੇ ਬੈਠੇ ਸਨ'' (3:32)। ਉਹ ਭੁੰਜੇ ਹੀ ਬੈਠੇ ਹੋਣਗੇ। ਸਾਫ਼ ਹੈ ਕਿ ਉਨ੍ਹਾਂ ਨੇ ਉਹਨੂੰ ਇਸ ਤਰੀਕੇ ਨਾਲ ਘੇਰਾ ਪਾਇਆ ਹੋਇਆ ਸੀ ਕਿ ਉਹਦੇ ਕੋਲ ਪਹੁੰਚਣ ਲਈ ਲੋਕਾਂ ਦੇ ਉੱਤੋਂ ਦੀ ਹੋ ਕੇ ਜਾਣਾ ਪੈਂਦਾ ਸੀ। ਇਨ੍ਹਾਂ ਬੈਠੇ ਹੋਏ ਲੋਕਾਂ ਦੇ ਮਗਰ, ਕੰਧਾਂ ਦੇ ਨਾਲ–ਨਾਲ ਅਤੇ ਘਰ ਦੇ ਦਰਵਾਜ਼ੇ ਦੇ ਕੋਲ ਬਾਹਰ–ਵੱਲ ਨੂੰ ਹੋਰ ਲੋਕ ਖੜੇ ਸਨ। ਬਾਹਰ ਖਲੋਤੇ ਲੋਕ ਘਰ ਦੇ ਅੰਦਰ ਆਉਣ ਵਾਲਿਆਂ ਲਈ ਦਰਵਾਜ਼ਾ ਰੋਕੀ ਬੈਠੇ ਸਨ।

ਯਿਸੂ ਦੇ ਇਨ੍ਹਾਂ ਲੋਕਾਂ ਨੂੰ ਵਿਚਾਰ ਨਾਲ ਅਗਵਾਈ ਦੇਣ ਦੌਰਾਨ ਮਰੀਅਮ ਅਤੇ ਯਿਸੂ ਦੇ ਪਰਿਵਾਰ ਦੇ ਬਾਕੀ ਦੇ ਲੋਕ ਆ ਗਏ ਅਤੇ ਘਰ ਵਿਚ ਵੜਨ ਦੀ ਕੋਸ਼ਿਸ਼ ਕਰਨ ਲੱਗੇ ਤਾਂ ਜੋ ਉਹ ਯਿਸੂ ਨਾਲ ਗੱਲ ਕਰ ਸਕਣ। ਸਾਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਕੀ ਖ਼ਬਰ ਜਾਂ ਅਫ਼ਵਾਹ ਸੁਣੀ ਸੀ, ਜਿਸ ਕਰਕੇ ਉਹ ਨਾਸਰਤ ਤੋਂ ਕਫ਼ਰਨਾਹੂਮ ਵਿਚ ਆ ਗਏ ਸਨ। ਜੇ ਅਸੀਂ 3:21, 22 ਨੂੰ ਇਸ ਦ੍ਰਿਸ਼ ਦੇ ਪਿਛੋਕੜ ਦੇ ਰੂਪ ਵਿਚ ਜੋੜੀਏ ਤਾਂ ਅਸੀਂ ਆਖ ਸਕਦੇ ਹਾਂ ਕਿ ਉਨ੍ਹਾਂ ਨੇ ਸੁਣਿਆ ਹੋਇਆ ਸੀ ਕਿ ਯਿਸੂ ਰਾਜ ਦੀ ਆਪਣੀ ਸਿੱਖਿਆ ਵਿਚ ਕੁਝ ਜ਼ਿਆਦਾ ਹੀ ਖੁਭ ਗਿਆ ਹੈ ਅਤੇ ਉਹ ਭੁੱਖਾ ਰਹਿੰਦਾ ਹੈ, ਯਹੂਦੀ ਆਗੂਆਂ ਨਾਲ ਝਗੜਦਾ ਹੈ ਅਤੇ ਉਹਨੂੰ ਆਪਣੇ ਆਪਣੀ ਹੋਸ਼ ਵੀ ਨਹੀਂ ਹੁੰਦੀ। ਭਾਵੇਂ ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਉਨ੍ਹਾਂ ਦੇ ਦਿਮਾਗ਼ ਵਿਚ ਉਨ੍ਹਾਂ ਬਾਰੇ ਕੀ ਚੱਲ ਰਿਹਾ ਸੀ। ਪਰ ਇਹ ਸਾਫ਼ ਹੈ ਕਿ ਉਹ ਮਜਬੂਰ ਹੋ ਕੇ ਆਏ ਸਨ ਅਤੇ ਉਨ੍ਹਾਂ ਨੂੰ ਲਗਦਾ ਸੀ ਕਿ ਯਿਸੂ ਚਾਹੇ ਜੋ ਵੀ ਕਰ ਰਿਹਾ ਹੈ ਉਨ੍ਹਾਂ ਨੂੰ ਉਹਦੇ ਨਾਲ ਗੱਲ ਕਰਨ ਦੀ ਲੋੜ ਹੈ।

ਯਿਸੂ ਦੇ ਕੋਲ ਨਾ ਜਾ ਸਕਣ ਤੇ, ਉਹਦੇ ਪਰਿਵਾਰ ਦੇ ਲੋਕਾਂ ਨੇ ਅਗਲੀ ਸਭ ਤੋਂ ਵਧੀਆ ਗੱਲ ਕੀਤੀ ਕਿ ਉਨ੍ਹਾਂ ਨੇ ਉਸ ਤਕ ਖ਼ਬਰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਘਰ ਦੇ ਬਾਹਰ ਦੱਸਿਆ ਹੋਵੇਗਾ ਅਤੇ ਉਸ ਸ਼ਖ਼ਸ ਨੇ ਦਰਵਾਜ਼ੇ ਦੇ ਬਾਹਰ ਹੋਰ ਕਿਸੇ ਨੂੰ ਦੱਸਿਆ ਹੋਵੇਗਾ। ਫਿਰ ਉਸ

ਤੋਂ ਅਗਲੇ ਨੇ ਭੁੰਜੇ ਬੈਠੇ ਕਿਸੇ ਹੋਰ ਨੂੰ ਦੱਸਿਆ ਹੋਵੇਗਾ, ਫਿਰ ਉਸ ਨੇ ਆਪਣੇ ਤੋਂ ਅਗਲੇ ਨੂੰ ਅਤੇ ਇਸ ਤਰ੍ਹਾਂ ਕਰਦੇ ਕਰਦੇ ਅਖ਼ੀਰ ਵਿਚ ਯਿਸੂ ਦੇ ਕੰਨ ਵਿਚ (ਸ਼ਾਇਦ ਰਸੂਲਾਂ ਵਿੱਚੋਂ) ਕਿਸੇ ਨੇ ਕਿਹਾ ਕਿ ਉਹਦੇ ਪਰਿਵਾਰ ਦੇ ਲੋਕ ਬਾਹਰ ਖਲੋਤੇ ਹਨ ਅਤੇ ਉਹਦੇ ਨਾਲ ਗੱਲ ਕਰਨਾ ਚਾਹ ਰਹੇ ਹਨ।

ਇਹ ਸਮਝਦਿਆਂ ਕਿ ਉਹਦੇ ਪਰਿਵਾਰ ਦੇ ਲੋਕ ਉਹਦੇ ਉਪਦੇਸ਼ ਵਿਚ ਰੁਕਾਵਟ ਪਾਉਣਾ ਚਾਹ ਰਹੇ ਸਨ, ਯਿਸੂ ਨੇ ਸੁਨੇਹਾ ਦੇਣ ਵਾਲੇ ਨੂੰ ਐਨੀ ਕੁ ਉੱਚੀ ਅਵਾਜ਼ ਨਾਲ ਜਵਾਬ ਦਿੱਤਾ ਜਿਸ ਨਾਲ ਹਰ ਕਿਸੇ ਨੂੰ ਸੁਣ ਸਕੇ: ''ਕੌਣ ਹੈ ਮੇਰੀ ਮਾਤਾ ਅਤੇ ਮੇਰੇ ਭਰਾ?'' (3:33)। ਥੋੜ੍ਹਾ ਜਿਹਾ ਰੁਕਣ ਤੋਂ ਬਾਅਦ ਯਿਸੂ ਦੀ ਅਗਲੀ ਟਿੱਪਣੀ ਵਿਚ ਉਹਦੀ ਅਵਾਜ਼ ਹੋਰ ਉੱਚੀ ਹੋ ਗਈ ਹੋਵੇਗੀ, ਉਨ੍ਹਾਂ ਨਾਲ ਉਹਨੂੰ ਵੇਖਦੇ ਹੋਏ ਜਿਹੜੇ ਉਹਦੇ ਆਲੇ ਦੁਆਲੇ ਸਨ, ਜੋ ਕਿ ਰਸੂਲ ਹੀ ਹੋਣਗੇ। ਆਪਣਾ ਹੱਥ ਉਨ੍ਹਾਂ ਵੱਲ ਫੈਲਾਉਂਦੇ ਹੋਏ ਉਸ ਨੇ ਆਖਿਆ, ''ਔਹ ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ ਕਿਉਂਕਿ ਜੋ ਕੋਈ ਪਰਮੇਸ਼ੁਰ ਦੀ ਮਰਜ਼ੀ ਉੱਤੇ ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ'' (3:34, 35)।

ਇਸ ਮੌਕੇ ਤੇ, ਯਿਸੂ ਨੇ ਆਪਣੇ ਅਸਲ ਪਰਿਵਾਰ ਭਾਵ ਉਸ ਨਵੇਂ ਪਰਿਵਾਰ ਬਾਰੇ ਕੁਝ ਕਹਿਣਾ ਚੁਣਿਆ, ਜਿਹਦੀ ਸ਼ੁਰੂਆਤ ਉਹ ਕਰ ਰਿਹਾ ਸੀ। ਆਪਣੇ ਸਰੀਰਕ ਪਰਿਵਾਰ ਨੂੰ ਨੀਵਾਂ ਵਿਖਾਏ ਬਗੈਰ, ਉਹਨੇ ਉਨ੍ਹਾਂ ਲੋਕਾਂ ਦੀ ਸੋਚ ਨੂੰ ਜਿਹੜੇ ਉੱਥੇ ਸਨ, ਜ਼ਿੰਦਗੀ ਦੇ ਇਕ ਨਵੇਂ ਪੱਧਰ ਭਾਵ ਸੁਰਗੀ ਪਰਿਵਾਰ ਤਕ ਉੱਚਾ ਕਰ ਦਿੱਤਾ, ਜਿਸਦਾ ਪਤਾ ਸਾਨੂੰ ਉਦੋਂ ਲਗਦਾ ਹੈ ਜਦੋਂ ਅਸੀਂ ਮਸੀਹ ਦੇ ਚੇਲੇ ਬਣ ਜਾਂਦੇ ਹਾਂ।

1. ਯਿਸੂ ਸਾਨੂੰ ਦੱਸਣਾ ਚਾਹੁੰਦਾ ਸੀ ਕਿ *ਉਹਦਾ ਅਸਲ ਪਰਿਵਾਰ ਆਤਮਿਕ ਹੈ*। ਉਹਦੇ ਸਰੀਰਕ ਪਰਿਵਾਰ ਦੇ ਲੋਕ ਭਾਵ ਉਹਦੇ ਭਰਾਵਾਂ ਨਾਲ ਉਹਦੀ ਮਾਤਾ, ਮਰੀਅਮ (3:35 ਵਿਚ ''ਭੈਣ'') ਸ਼ਬਦ ਵਰਤਿਆ ਗਿਆ ਹੈ। ਉਹ ਉਸ ਘਰ ਦੇ ਬਾਹਰ ਖਲੋਤੇ ਸਨ ਜਿਸ ਵਿਚ ਉਹ ਸੀ, ਜੋ ਕਿ ਫ਼ਰਕ ਜਿਹਾ ਮਾਹੌਲ ਬਣਾ ਦਿੰਦਾ ਹੈ। ਉੱਥੇ ਹਰ ਕਿਸੇ ਨੂੰ ਪਤਾ ਸੀ ਕਿ ਯਿਸੂ ਇਸ ਗੱਲ ਉੱਤੇ ਜ਼ੋਰ ਦੇ ਰਿਹਾ ਹੈ ਕਿ ਉਹਦਾ ਇਕ ਹੋਰ ਪਰਿਵਾਰ ਹੈ, ਜੋ ਕਿ ਪ੍ਰਤੀਕਾਤਮਕ ਪਰਿਵਾਰ ਭਾਵ ਆਤਮਿਕ ਪਰਿਵਾਰ ਹੈ ਅਤੇ ਇਸ ਦੂਜੇ ਪਰਿਵਾਰ ਦਾ ਮਹੱਤਵ ਉਸ ਸਰੀਰਕ ਪਰਿਵਾਰ ਨੂੰ ਪਿੱਛੇ ਕਰ ਦਿੰਦਾ ਹੈ। ਜਿਸ ਖ਼ਾਸ ਮਹੱਤਵ ਦਾ ਸੰਕੇਤ ਉਹਨੇ ਦਿੱਤਾ ਉਹ ਉਸ ਦੇ ਨਵੇਂ ਪਰਿਵਾਰ ਦੇ ਆਤਮਿਕ ਹੋਣ ਵਿੱਚੋਂ ਨਿੱਕਲਿਆ ਸੀ।

ਉਹਦੇ ਆਲੇ ਦੁਆਲੇ ਦੇ ਲੋਕਾਂ (ਅਤੇ ਸਾਡੇ) ਲਈ ਇਹ ਵੇਖਣਾ ਜ਼ਰੂਰੀ ਹੈ ਕਿ ਆਉਣ ਵਾਲਾ ਰਾਜ ਖੂਬਸੂਰਤ ਪਰਿਵਾਰ ਵਰਗਾ ਹੋਣਾ ਸੀ। ਉਹ ਆਪਣੇ ਸਰੀਰਕ ਪਰਿਵਾਰ ਦੀ ਬੇਇੱਜ਼ਤੀ ਨਹੀਂ ਕਰ ਰਿਹਾ ਸੀ ਬਲਕਿ ਇਸ ਨੂੰ ਉਸ ਦੀ ਸਹੀ ਥਾਂ ਤੇ ਰੱਖ ਰਿਹਾ ਸੀ। ਯਿਸੂ ਨੇ ਸਰੀਰਕ ਪਰਿਵਾਰ ਨੂੰ ਖ਼ਤਮ ਕਰਨ ਲਈ ਨਹੀਂ ਆਇਆ ਬਲਕਿ ਉਹ ਇਸ ਨੂੰ ਇਕ ਅਜਿਹੇ ਮੰਚ ਵਿਚ ਬਦਲਣ ਲਈ ਆਇਆ ਜਿਸ ਉੱਤੇ ਉਸ ਦਾ ਆਤਮਿਕ ਪਰਿਵਾਰ ਬਣ ਸਕੇ।

2. ਯਿਸੂ ਇਹ ਵੀ ਇਸ਼ਾਰਾ ਕਰ ਰਿਹਾ ਸੀ ਕਿ *ਉਹਦੇ ਪਰਿਵਾਰ ਦਾ ਅਬਦੀ ਮਹੱਤਵ ਹੈ*। ਮੱਤੀ ਨੇ ਲਿਖਿਆ ਕਿ ਯਿਸੂ ਨੇ ਆਪਣੇ ਚੇਲਿਆਂ ਵੱਲ ਆਪਣਾ ਹੱਥ ਪਸਾਰਦਿਆਂ ਕਿਹਾ ''ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ'' (ਮੱਤੀ 12:49)। ਰਸੂਲ ਉਹਦੇ ਕੋਲ ਅਤੇ ਬਿਲਕੁਲ ਉਹਦੇ ਅੱਗੇ ਬੈਠੇ ਹੋਣਗੇ। ਉਸ ਨੇ ਉਨ੍ਹਾਂ ਨੂੰ ਉਸ ਅਬਦੀ ਰਾਜ ਵਿਚ ਜਿਹਦੀ ਤਿਆਰੀ ਉਹ ਕਰ ਰਿਹਾ ਸੀ, ਬੁਨਿਆਦ ਦੇ ਪੱਥਰ ਬਣਨ ਲਈ ਸੱਦਿਆ। ਯਿਸੂ ਨੇ ਇਨ੍ਹਾਂ ਰਸੂਲਾਂ ਨਾਲ ਰਾਜ ਨੂੰ ਕਲੀਸੀਆ ਦੇ ਰੂਪ ਵਿਚ ਵੇਖਣ ਦੀ ਗੱਲ ਕਰਦੇ ਹੋਏ ਆਖਿਆ ਕਿ ਪਤਾਲ ਦੇ ਫ਼ਾਟਕ ਇਸ ਉੱਤੇ ਪਰਬਲ ਨਹੀਂ ਹੋ ਸਕਣਗੇ (ਮੱਤੀ 16:18)। ਉਹ ਇਹੀ ਸੰਕੇਤ ਦੇ ਰਿਹਾ ਹੋਵੇਗਾ ਕਿ ਪਤਾਲ ਇਹਦੇ ਆਉਣ ਜਾਂ ਇਸ ਦੀ ਫ਼ਤਹਿਮੰਦ ਜ਼ਿੰਦਗੀ ਨੂੰ ਰੋਕ ਨਹੀਂ ਸਕੇਗਾ।

ਅਸਲ, ਟਿਕਾਊ ਸਬੰਧ ਸਰੀਰ ਵਿਚ ਨਹੀਂ ਮਿਲਦੇ; ਬਲਕਿ ਉਹ ਅਬਦੀ ਮਸੀਹ ਵਿਚ ਮਿਲਦੇ ਹਨ। ਆਪਣੇ ਰੂਹਾਨੀ ਸਬੰਧ ਵਿਚ ਦਾਊਦ ਅਤੇ ਯੋਨਾਥਾਨ ਦਾ ਰਿਸ਼ਤਾ ਸ਼ਾਊਲ ਅਤੇ ਯੋਨਾਥਾਨ ਦੇ ਪਿਤਾ ਪੁੱਤਰ ਦੇ ਰਿਸ਼ਤੇ ਨਾਲੋਂ ਉੱਪਰ ਸੀ। ਦਾਊਦ ਅਤੇ ਯੋਨਾਥਾਨ ਨੂੰ ਖ਼ੁਦਾ ਵੱਲੋਂ ਇਕ ਕੀਤਾ ਗਿਆ

ਸੀ ਅਤੇ ਉਸ ਇਕ ਹੋਣ ਨਾਲ ਉਨ੍ਹਾਂ ਦਾ ਖ਼ੁਦਾ ਵੱਲੋਂ ਰੂਹਾਨੀ ਅਤੇ ਅਬਦੀ ਰਿਸ਼ਤਾ ਸੀ। ਸ਼ਾਊਲ ਅਤੇ ਯੋਨਾਥਾਨ ਦਾ ਰਿਸ਼ਤਾ ਸਿਰਫ਼ ਜਿਸਮਾਨੀ ਸੀ। ਦਾਊਦ ਅਤੇ ਯੋਨਾਥਾਨ ਹਮੇਸ਼ਾ ਹਮੇਸ਼ਾ ਲਈ ਭਰਾ ਸਨ ਜਦਕਿ ਸ਼ਾਊਲ ਅਤੇ ਯੋਨਾਥਾਨ ਸਿਰਫ਼ ਦੁਨਿਆਵੀ ਤੌਰ ਤੇ ਪਿਤਾ ਅਤੇ ਪੁੱਤਰ ਦੇ ਰਿਸ਼ਤੇ ਵਿਚ ਬੱਝੇ ਸਨ।

3. ਯਿਸੂ ਨੇ 3:33–35 ਦੇ ਅੱਧੇ ਤੋਂ ਵੱਧ ਨੂੰ ਇਸ ਤੱਥ ਲਈ ਦੇ ਦਿੱਤਾ ਕਿ *ਉਹਦੇ ਪਰਿਵਾਰ ਦੀ ਖ਼ਾਸੀਅਤ ਹੁਕਮ ਮੰਨਣ ਵਿਚ ਸੀ*। ਉਸ ਨੇ ਆਖਿਆ, ''ਔਹ ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ ਕਿਉਂਕਿ ਜੋ ਕੋਈ ਪਰਮੇਸ਼ੁਰ ਦੀ ਮਰਜ਼ੀ ਉੱਤੇ ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ।'' ਉਹਦੇ ਸ਼ਬਦਾਂ ਤੋਂ ਸਾਡੇ ਧਿਆਨ ਵਿਚ ਯੂਹੰਨਾ ਦੀ ਗੱਲ ਆ ਜਾਂਦੀ ਹੈ, ''ਸੰਸਾਰ ਨਾਲੇ ਉਹਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪਰਮੇਸ਼ੁਰ ਦੀ ਇੱਛਿਆ ਉੱਤੇ ਚੱਲਦਾ ਹੈ ਉਹ ਸਦਾ ਤੀਕ ਕਾਇਮ ਰਹਿੰਦਾ ਹੈ'' (1 ਯੂਹੰਨਾ 2:17)।

ਯਿਸੂ ਦੇ ਪਰਿਵਾਰ ਵਿਚ ਸਿਰਫ਼ ਸਦਾ ਤਕ ਰਹਿਣ ਵਾਲੇ ਵਚਨ ਦੀ ਗੱਲ ਮੰਨ ਕੇ ਹੀ ਆਇਆ ਜਾ ਸਕਦਾ ਹੈ (ਵੇਖੋ 1 ਪਤਰਸ 1:23); ਅਤੇ ਇਹਦੇ ਵਫ਼ਾਦਾਰ ਲੋਕ ਸਿਰਫ਼ ਉਸ ਵਚਨ ਵਿਚ ਕਾਇਮ ਰਹਿ ਕੇ ਹੀ ਰਿਹਾ ਜਾ ਸਕਦਾ ਹੈ। ਯਿਸੂ ਨੇ ਆਖਿਆ, ''ਜਿਹੜਾ ਉਹਦੇ ਹੁਕਮਾਂ ਦੀ ਪਾਲਨਾ ਕਰਦਾ ਹੈ ਇਹ ਉਹਦੇ ਵਿਚ ਅਤੇ ਉਹ ਇਹ ਦੇ ਵਿਚ ਰਹਿੰਦਾ ਹੈ'' (1 ਯੂਹੰਨਾ 3:24)।

ਅਸੀਂ ਉਦੋਂ ਤਕ ਯਿਸੂ ਦੇ ਨਹੀਂ ਹੋ ਸਕਦੇ, ਜਦੋਂ ਤਕ ਅਸੀਂ ਉਸ ਦੀ ਗੱਲ ਮੰਨਣ ਦੇ ਰਾਹੀਂ ਉਹਦੇ ਆਗਿਆਕਰ ਨਹੀਂ ਹੁੰਦੇ (ਵੇਖੋ ਯੂਹੰਨਾ 14:15)। ਇਹ ਤੱਥ ਉਹਦੇ ਪਰਿਵਾਰ/ਰਾਜ ਦੇ ਆਤਮਿਕ ਨਿਯਮਾਂ ਵਿੱਚੋਂ ਇਕ ਹੈ। ਇਹ ਸਰੀਰਕ ਪਰਿਵਾਰ ਨਾਲੋਂ ਵੀ ਵੱਧ ਮਜ਼ਬੂਤ ਹੈ। ਉਹਦੀ ਮਾਤਾ, ਉਹਦੇ ਭਰਾਵਾਂ ਅਤੇ ਉਹਦੀਆਂ ਭੈਣਾਂ ਨੂੰ ਵੀ ਇਸ ਨਿਯਮ ਤੋਂ ਛੂਟ ਨਹੀਂ ਹੋਣੀ ਸੀ। ਉਨ੍ਹਾਂ ਨੇ ਇਸ ਸਬਕ ਨੂੰ ਸਿੱਖ ਲਿਆ ਅਤੇ ਰਸੂਲਾਂ ਦੇ ਕਰਤੱਬ 1 ਵਿਚ ਅਸੀਂ ਵੇਖਦੇ ਹਾਂ ਕਿ ਉਹਦੀ ਮਾਤਾ, ਯਾਕੂਬ, ਯੋਸੇਸ, ਯਹੂਦਾ, ਸ਼ਮਊਨ ਅਤੇ ਯਕੀਨਨ ਭੈਣਾਂ ਵੀ ਨਿਹਚਾਵਾਨਾਂ ਵਿਚ ਸ਼ੁਮਾਰ ਸਨ।

*ਨਿਚੋੜ:* ਅਸੀਂ ਕਈ ਵਾਰ ਆਖਦੇ ਹਾਂ ਕਿ ਦੁਨੀਆਂ ਦੀਆਂ ਸਭ ਤੋਂ ਵਧੀਆ ਸੰਸਥਾਵਾਂ ਵਿੱਚੋਂ ਘਰ ਸਭ ਤੋਂ ਖ਼ੂਬਸੂਰਤ ਹੈ। ਮਸੀਹੀ ਘਰ ਲਈ ਇਹੀ ਗੱਲ ਕਹੀ ਜਾ ਸਕਦੀ ਹੈ। ਜਿਹੜੀ ਮਸੀਹੀ ਘਰ ਨੂੰ ਐਨਾ ਖ਼ੂਬਸੂਰਤ ਅਤੇ ਸਾਰਥਕ ਕਿਹੜੀ ਗੱਲ ਬਣਾਉਂਦੀ ਹੈ? ਲਾਜ਼ਮੀ ਤੌਰ ਤੇ ਇਹ ਸਰੀਰਕ ਪਹਿਲੂ ਨਾਲੋਂ ਵਧ ਕੇ ਹੈ। ਜਦ ਕੋਈ ਘਰ ਮਸੀਹੀ ਘਰ ਬਣ ਜਾਂਦਾ ਹੈ ਤਾਂ ਇਹ ਮਸੀਹ ਦਾ ਪਰਿਵਾਰ ਵੀ ਬਣ ਜਾਂਦਾ ਹੈ; ਅਤੇ ਜਦੋਂ ਇਹ ਮਸੀਹ ਦਾ ਪਰਿਵਾਰ ਬਣ ਜਾਂਦਾ ਹੈ ਤਾਂ ਇਹ ਆਤਮਿਕ, ਅਬਦੀ ਅਤੇ ਆਗਿਆਕਾਰ ਘਰ ਬਣ ਜਾਂਦਾ ਹੈ। ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਸੰਸਥਾ ਤਦੇ ਬਣਦੀ ਹੈ।

ਅਸੀਂ ਚੰਗਾ, ਬਹੁਤ ਚੰਗਾ ਅਤੇ ਬਹੁਤ ਵਧੀਆ ਆਖਦੇ ਹਾਂ। ਸਹੀ ਢੰਗ ਨਾਲ ਚੱਲਣ ਵਾਲਾ ਘਰ ਚੰਗਾ ਘਰ ਹੈ। ਜਦ ਉਸ ਦੇ ਲੋਕ ਇਕ ਦੂਜੇ ਨਾਲ ਪਿਆਰ ਰੱਖਦੇ ਹਨ, ਉਨ੍ਹਾਂ ਦੀਆਂ ਚੰਗੀਆਂ ਯਾਦਾਂ ਹੁੰਦੀਆਂ ਹਨ ਅਤੇ ਜ਼ਿੰਦਗੀ ਦੇ ਤੂਫ਼ਾਨਾਂ ਦਾ ਮੁਕਾਬਲਾ ਮਿਲ ਕੇ ਕਰਦੇ ਹਨ ਤਾਂ ਇਹ ਹੋਰ ਚੰਗਾ ਹੋ ਜਾਂਦਾ ਹੈ। ਜਦ ਉਹੀ ਘਰ ਮਸੀਹ ਨੂੰ ਆਪਣਾ ਪ੍ਰਭੂ ਬਣਾ ਲੈਂਦਾ ਹੈ ਅਤੇ ਮਸੀਹ ਦੀ ਵਡਿਆਈ ਨੂੰ ਇਸ ਘਰ ਨੂੰ ਭਰਨ ਦਿੰਦਾ ਹੈ ਅਤੇ ਮਸੀਹੀ ਜ਼ਿੰਦਗੀ ਨਾਲ ਹਮੇਸ਼ਾ ਤਕ ਰਹਿਣ ਵਾਲੇ ਸੁਭਾਅ ਨੂੰ ਅਪਣਾ ਲੈਂਦਾ ਹੈ, ਤਾਂ ਉਹ ਘਰ ਖ਼ੁਦਾ ਵੱਲੋਂ ਦਿੱਤਾ ਗਿਆ ਬਹੁਤ ਹੀ ਵਧੀਆ ਹੈ। ਆਓ ਅਸੀਂ ਚੰਗਾ ਅਤੇ ਬਹੁਤ ਚੰਗੇ ਨਾਲੋਂ ਵੀ ਅੱਗੇ ਨਿੱਕਲ ਕੇ ਖ਼ੁਦਾ ਦੇ ਬਹੁਤ ਵਧੀਆ ਤਕ ਪਹੁੰਚੀਏ!

---

ਟਿਪਣੀਆਂ

[1]ਸਮਾਨਾਂਤਰ ਵਿਰਤਾਂਤ ਮੱਤੀ 12:9–14 ਅਤੇ ਲੂਕਾ 6:6–11 ਵਿੱਚ ਹਨ। [2]ਵੇਖੋ ਮਰਕੁਸ 3:1–6;

ਲੂਕਾ 13:10–17; 14:1–6; ਯੂਹੰਨਾ 5:1–16; 7:21–24; 9:13–16. [3]ਡਮੈਸਕਸ ਡਾਕੂਮੈਂਟ, 11:13, 14. [4]ਇਹ ਵੇਰਵਾ 1 ਮੱਕਾਬੀਆਂ 2:29–39 ਦੇ ਅਸਪੱਸ਼ਟ ਲੇਖ ਵਿਚ ਦਿੱਤਾ ਗਿਆ ਹੈ। ਬੇਸ਼ੱਕ, ਇਸ ਤੋਂ ਬਾਅਦ ਵਿਹਾਰ ਵਿਚ ਤਬਦੀਲੀ ਆ ਗਈ, ਜਦਕਿ ਦੂਜਿਆਂ ਨੇ ਸੱਬਤ ਦੇ ਦਿਨ ਹਮਲਾ ਕਰਨ ਵਾਲਿਆਂ ਦੇ ਵਿਰੁੱਧ ਆਪਣਾ ਬਚਾਅ ਕਰਨ ਦਾ ਫ਼ੈਸਲਾ ਕੀਤਾ (1 ਮੱਕਾਬੀਆਂ 2:39–41)। [5]ਮੱਤੀ 22:16 ਅਤੇ ਮਰਕੁਸ 12:13 ਵਿਚ ਵੀ ਹੇਰੋਦੇਸੀਆਂ ਦੇ ਨਾਮ ਹਨ। ਜੋਸੇਫ਼ਸ ''ਹੇਰੋਦੇਸੀਆਂ'' ਦੀ ਗੱਲ ਨਹੀਂ ਬਲਕਿ ''ਏਸੇਨੀਆਂ'' ਦੀ ਗੱਲ ਕੀਤੀ। (ਜੋਸੇਫ਼ਸ *ਵਾਰਜ਼* 3.2.1 [11]; 5.4.2 [145].) ਉਸ ਨੇ ਕਿਹਾ ਕਿ ਹੇਰੋਦੇਸ ਉਨ੍ਹਾਂ ਦਾ ਆਦਰ ਕਰਦਾ ਸੀ ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਹ ਈਸ਼ੁਰੀ ਪ੍ਰਕਾਸ਼ਨ ਪਾਉਣ ਦੇ ਯੋਗ ਹਨ। (ਜੋਸੇਫ਼ਸ *ਐਂਟਿਕੁਇਟੀਜ਼* 15.10.4, 5 [372, 379].) ਸ਼ਿਮੌਨ ਗਿੱਬਸ ਨੇ ਕਿਹਾ ਕਿ ਹੇਰੋਦਸ ਉਨ੍ਹਾਂ ਦਾ ਆਦਰ ਕਰਦਾ ਸੀ, ਇਸ ਕਾਰਣ ਉਨ੍ਹਾਂ ਨੂੰ ਆਮ ਲੋਕ ''ਹੇਰੋਦੀ'' ਕਹਿੰਦੇ ਹੋਣਗੇ (ਸ਼ਿਮੌਨ ਗਿੱਬਸ, *ਦ ਫ਼ਾਈਨਲ ਡੇਅਜ਼ ਆਫ਼ ਜੀਜ਼ਸ: ਦ ਆਰਕਿਉਲੋਜਿਕਲ ਐਵਿਡੇਂਸ* [ਨਿਊ ਯਾਰਕ: ਹਾਰਪਰਵਨ, 2009], 100.) [6]ਇਨ੍ਹਾਂ ਝਗੜਿਆਂ ਅਤੇ ਇਲਜ਼ਾਮਾਂ ਵਿਚ ਯਿਸੂ ਵੱਲੋਂ ਮਾਫੀ (2:7), ਪਾਪੀਆਂ ਨਾਲ ਖਾਣਾ (2:16), ਵਰਤ ਨਾ ਰੱਖਣਾ (2:18), ਆਪਣੇ ਚੇਲਿਆਂ ਨੂੰ ਸੱਬਤ ਦੇ ਦਿਨ ਕੰਮ ਕਰਨ ਦੇਣ (2:24) ਅਤੇ ਸੱਬਤ ਦੇ ਦਿਨ ਚੰਗਾ ਕਰਨ (3:2) 'ਤੇ ਕੇਂਦ੍ਰਿਤ ਸਨ। [7]ਇਕ ਸਮਾਨਾਂਤਰ ਵਿਰਤਾਂਤ ਮੱਤੀ 12:15, 16 ਵਿੱਚ ਹੈ। [8]ਸਮੇਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਭਰਿਸ਼ਟ ਆਤਮਾਵਾਂ ਡਿੱਗਦੀਆਂ ਰਹੀਆਂ; ਬੇਸੱਕ ਉਨ੍ਹਾਂ ਦੇ ਕੰਮ ਮਨੁੱਖੀ ਸਰੀਰਾਂ ਦੁਆਰਾ ਹੁੰਦੇ ਸਨ, ਜਿਹੜੇ ਉਨ੍ਹਾਂ ਦੇ ਵੱਸ ਵਿਚ ਹੁੰਦੇ ਸਨ। [9]ਵੇਖੋ ਮੱਤੀ 14:33; 16:16; 27:40; ਮਰਕੁਸ 1:1; ਯੂਹੰਨਾ 3:18; 20:28, 30, 31. [10]ਵਿਲੀਅਮ ਹੈਂਡ੍ਰਿਕਸਨ, *ਐਕਸਪੋਜ਼ੀਸ਼ਨ ਆਫ਼ ਗੌਸਪਲ ਅਕਾਰਡਿੰਗ ਟੂ ਮਾਰਕ,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਉਸ, 1975), 121.

[11]ਸਮਾਨਾਂਤਰ ਵਿਰਤਾਂਤ ਮੱਤੀ 10:2–4 ਅਤੇ ਲੂਕਾ 6:12–16 ਵਿਚ ਹਨ। [12]ਯਾਕੂਬ ਦਾ ਨਾਂਅ ਬਦਲ ਕੇ ਇਸਰਾਏਲ ਕਰ ਦਿੱਤਾ ਗਿਆ (ਉਤਪਤ 32:28) ਅਤੇ ਬਾਰਾਂ ਗੋਤਰ ਉਸ ਦੇ ਪੁੱਤਰਾਂ ਤੋਂ ਨਿੱਕਲੇ। ਲੇਵੀ ਯਾਜਕ ਗੋਤਰ ਬਣ ਗਿਆ ਅਤੇ ਉਸ ਨੂੰ ਕੋਈ ਜ਼ਮੀਨ ਅਲਾਟ ਨਹੀਂ ਕੀਤੀ ਗਈ ਸੀ। ਯੂਸੁਫ਼ ਦੇ ਦੋ ਪੁੱਤਰਾਂ, ਇਫ਼ਰਾਈਮ ਅਤੇ ਮਨੱਸੈ ਨੂੰ ਗੋਤਰਾਂ ਦੇ ਸਰਦਾਰ ਬਣਾਇਆ ਗਿਆ, ਜਿਸ ਨਾਲ ਇਸਰਾਈਲ ਗੋਤਰਾਂ ਦੀ ਕੁੱਲ ਗਿਣਤੀ ਬਾਰਾਂ ਹੋ ਗਈ। [13]ਹੈਂਡ੍ਰਿਕਸਨ, 131. [14] ਸਮਾਨਾਂਤਰ ਵਿਰਤਾਂਤ ਮੱਤੀ 12:24–29 ਅਤੇ ਲੂਕਾ 11:15–22 ਵਿਚ ਹਨ। [15]''ਦ੍ਰਿਸ਼ਟਾਂਤਾਂ'' ਦੀ ਚਰਚਾ ਲਈ 4:2 ਤੇ ਟਿੱਪਣੀਆਂ ਵੇਖੋ। [16]ਜੋਸੇਫ਼ਸ ਨੇ ਕੁਝ ਯਹੂਦੀਆਂ ਦੇ ਬਾਹਰੀ ਕੰਮਾਂ ਬਾਰੇ ਦੱਸਿਆ ਜਿਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਜਾਦੂ–ਟੂਣਾ ਵਰਤ ਕੇ ਅਤੇ ਨੱਕ ਦੀ ਵਾਲੀ ਨੂੰ ਜਿਹੜੀ ਸੁਲੇਮਾਨ ਦੀ ਸੀ, ਅਤੇ ਪਾਣੀ ਦਾ ਇਕ ਕਟੋਰਾ ਵਰਤ ਕੇ ਭੂਤਾਂ ਨੂੰ ਕੱਢਣ ਦਾ ਦਾਅਵਾ ਕਰਦੇ ਸਨ। (ਜੋਸੇਫ਼ਸ *ਐਂਟਿਕੁਇਟੀਜ਼* 8.2.5. [45–49]. )। [17]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮਾਰਕ,* ਜਿਲਦ ਦੂਜੀ, ਦ ਡੇਅਲੀ ਸਟੱਡੀ ਬਾਈਬਲ (ਫ਼ਿਲਾਡੈਲਫ਼ੀਆ: ਵੈਸਮਿੰਸਟਰ ਪ੍ਰੈੱਸ, 1956), 74. [18]ਇਕ ਸਮਾਨਾਂਤਰ ਵਿਰਤਾਂਤ ਮੱਤੀ 12:30–32 ਵਿਚ ਹੈ। [19]ਵਾਲਟਰ ਬਾਉਰ ਨੇ ਆਮੀਨ ਦੀ ਇਹ ਪਰਿਭਾਸ਼ਾ ਦਿੱਤੀ: ''ਕੀਤੀ ਗਈ ਗੱਲ ਦੀ ਪੱਕੀ ਤਸਦੀਕ ... ਇਸੇ ਤਰ੍ਹਾਂ ਹੋਵੇ, ਸਚਮੁਚ ... ਪੱਕੇ ਐਲਾਨ ਦੀ ਸ਼ੁਰੂਆਤ, ਪਰ ਇਸ ਦੀ ਵਰਤੋਂ ਸਿਰਫ਼ ਯਿਸੂ ਵੱਲੋਂ ਕੀਤੀ ਗਈ'' (*''ਮੈਂ ਤੁਹਾਨੂੰ ਸੱਚ–ਸੱਚ ਕਹਿੰਦਾ ਹਾਂ''*) (ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦੀ ਤੀਜੀ, ਸੋਧ ਅਤੇ ਸੰਪਾ. ਫੈਡ੍ਰਿਕ ਵਿਲੀਅਮ ਡੈਂਕਰ [ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000], 53). [20]ਹੈਂਡ੍ਰਿਕਸਨ, 137–38.

[21]ਜਿਸਦਾ ਅਨੁਵਾਦ ''ਸੱਚ–ਸੱਚ'' ਹੋਇਆ ਹੈ ਇਹ ਪ੍ਰਗਟਾਵਾ ਨਵੇਂ ਨੇਮ ਵਿਚ ਪੰਝੀ ਵਾਰ ਵਰਤਿਆ ਗਿਆ ਹੈ, ਯੂਹੰਨਾ ਵਿਚ ਸਿਰਫ਼ ਇਕ ਵਰਤਿਆ ਗਿਆ ਹੈ। ਪੁਰਾਣੇ ਨੇਮ ਵਿਚ ਇਸ ਦੀ ਵਰਤੋਂ ਗਿਣਤੀ 5:22; ਨਹੇਮਯਾਹ 8:6; ਅਤੇ ਜ਼ਬੂਰ 41:13; 72:19; 89:52 ਵਿਚ ਮਿਲਦੀ ਹੈ। [22]ਜੋਸੇਫ ਹੈਨਰੀ

ਥੇਅਰ, *ਏ ਗ੍ਰੀਕ–ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1962), 102. [23]ਐਲਨ ਬਲੈਕ, *ਮਾਰਕ,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 1995), 84. [24]ਲਾਜ਼ਰ ਅਤੇ ਅਮੀਰ ਆਦਮੀ ਦੀ ਕਹਾਣੀ (ਜਿਸ ਨੂੰ ਆਮ ਤੌਰ 'ਤੇ ਡਾਇਜ਼ੋ ਕਿਹਾ ਜਾਂਦਾ ਹੈ, ਜੋ ਕਿ ''ਧਨਵਾਨ'' ਲਈ ਯੂਨਾਨੀ ਸ਼ਬਦ ਹੈ; ਲੂਕਾ 16:1931) ''ਦ੍ਰਿਸ਼ਟਾਂਤ'' ਕਿਹਾ ਜਾਵੇ ਜਾਂ ਨਹੀਂ, ਪਰ ਯਿਸੂ ਨੇ ਕਦੇ ਝੂਠ ਨਹੀਂ ਕਿਹਾ ਜਾਂ ਦ੍ਰਿਸ਼ਟਾਂਤਾਂ ਦੇ ਰੂਪ ਵਿਚ ਵਰਤੀ ਜਾਣ ਵਾਲੀ ਝੂਠੀ ਕਹਾਣੀ ਨਹੀਂ ਬਣਾਈ। ਕਿਸੇ ਵੀ ਹੋਰ ਦ੍ਰਿਸ਼ਟਾਂਤ ਵਿਚ ਕਿਸੇ ਦਾ ਨਾਮ ਨਹੀਂ ਦਿੱਤਾ ਗਿਆ (ਦ੍ਰਿਸ਼ਟਾਂਤ ਵਿਚ ਇਸ ਤਰ੍ਹਾਂ ਅਬਰਾਹਾਮ ਅਤੇ ਲਾਜ਼ਰ ਦੇ ਨਾਮ ਦਿੱਤੇ ਗਏ ਹਨ), ਅਬਰਾਹਾਮ ਕਬਰ ਤੋਂ ਨਹੀਂ ਬੋਲਦਾ, ਜਾਂ ਕੋਈ ਐਲਾਨ ਨਹੀਂ ਕਰਦਾ ਜਾਂ ਪਤਾਲ (ਟਾਰਟਰਸ ਜਾਂ ''ਨਰਕ''; 2 ਪਤਰਸ 2:4) ਤੋਂ ਕੋਈ ਬਚਾਅ ਨਹੀਂ ਹੈ। [25]ਸਮਾਨਾਂਤਰ ਵੇਰਵੇ ਮੱਤੀ 12:46 ਅਤੇ ਲੂਕਾ 8:19–21 ਵਿਚ ਹਨ। [26]ਸਪੱਸ਼ਟ ਤੌਰ ਤੇ ਇਹ ਦਲੀਲ ਦੇਣ ਵਾਲਾ ਕਿ ਇਹ ਯਿਸੂ ਦੇ ਭਰਾ ਨਹੀਂ ਸਨ ਪਹਿਲਾ ਵਿਅਕਤੀ ਏਪੀਫ਼ੇਨੀਅਸ (ਲਗਭਗ 310–403 ਈਸਵੀ) ਸੀ। (ਏਪੀਫ਼ੇਨੀਅਸ, *ਦ ਪੈਨਰੀਅਨ ਆਫ਼ ਏਪੀਫ਼ੇਨੀਅਸ ਆਫ਼ ਸਾਲਾਮੀਸ,* ਬੁਕ 1 [ਸੈਕਟਸ 1–46], ਦੂਜਾ ਸੰਸਕਰਣ, ਸੋਧ ਅਤੇ ਅਨੁਵਾਦ, ਫ਼੍ਰੈਂਕ ਵਿਲੀਅਮਜ਼ [ਬੋਸਟਨ: ਬ੍ਰਿਲ, 2009], 121.). ਇਹ ਸੁਝਾਅ ਉਦੋਂ ਦਿੱਤਾ ਗਿਆ ਜਦੋਂ ਮਰੀਅਮ ਦੀ ਮਹਿਮਾ ਮਸ਼ਹੂਰ ਹੋ ਰਹੀ ਸੀ। [27]ਜੇਰੋਮ *ਦ ਪ੍ਰਪੇਚੁਅਲ ਵਰਜਿਨਿਟੀ ਆਫ਼ ਮੇਰੀ: ਅਗੇਂਸਟ ਹੈਲਵਿਡੀਉਸ* 15–16. [28]ਮਰੀਅਮ ਦੇ ''ਸਦਾ ਕੁਆਰੀ'' ਰਹਿਣ ਦੀ ਧਾਰਣਾ ਹੁਣ ਕੈਥੋਲਿਕ ਸਿੱਖਿਆ ਬਣ ਗਿਆ ਹੈ। ''ਮਰੀਅਮ ਦੀ ਪੂਜਾ'' ਮਰੀਅਮ ਨੂੰ ਪਰਮੇਸ਼ੁਰ ਦੇ ਬਰਾਬਰ ਸਮਝਦੇ ਹੋਏ ਕੀਤੀ ਜਾਂਦੀ ਹੈ। ਕੁਆਰੀ ਤੋਂ ਜਨਮ ਦੇ ਸਬੰਧ ਵਿਚ, ਵੇਖੋ ਲੂਕਾ 1:26–38. ਮੱਤੀ 1:25 ਕਹਿੰਦਾ ਹੈ ਕਿ ''[ਯੂਸੁਫ਼ ਨੇ ਮਰੀਅਮ] ਨੂੰ ਨਾ ਜਾਣਿਆ ਜਿੰਨਾਂ ਚਿਰ ਉਹ ਪੁੱਤਰ ਨਾ ਜਣੀ ਅਤੇ ਉਹ ਦਾ ਨਾਮ ਯਿਸੂ ਰੱਖਿਆ'' (ESV)। ਮੱਤੀ 12:46 ਅਤੇ 13:55 ਵਿਖਾਉਂਦਾ ਹੈ ਕਿ ਬਾਅਦ ਵਿਚ ਮਰੀਅਮ ਦੇ ਹੋਰ ਬੱਚੇ ਹੋਏ। [29]ਕੈਥੋਲਿਕ ਲਿਟਰਜੀ ਵਿਚ ਇਹੀ ਮੰਨਿਆ ਜਾਂਦਾ ਹੈ, ਜਿਸ ਵਿਚ ਮਰੀਅਮ ਨੂੰ ''ਪਰਮੇਸ਼ੁਰ ਦੀ ਮਾਂ ਅਤੇ ਕੁਆਰੀ'' ਦੱਸਿਆ ਜਾਂਦਾ ਹੈ। [30]ਆਪਣੀ ਸੇਵਕਾਈ ਦੇ ਸ਼ੁਰੂ ਵਿਚ, ਯਿਸੂ ਨੇ ਕਿਹਾ ਕਿ ਉਹ ਇਸੇ ਲਈ ਆਇਆ ਸੀ (ਲੂਕਾ 4:43; ਮਰਕੁਸ 1:14, 15 ਵੇਖੋ) ਅਤੇ ਇਹ ਕਿ ਉਹ ਛੇਤੀ ਆਉਣ ਵਾਲਾ ਸੀ (ਮਰਕੁਸ 9:1)। ਨਵਾਂ ਨੇਮ ਇਹ ਵਿਖਾਉਂਦਾ ਹੈ ਕਿ ਉਹ ਇਸ ਵਿਚ ਸਫ਼ਲ ਹੋਇਆ (ਕੁਲੁੱਸੀਆਂ 1:13) ਅਤੇ ਹੁਣ ਅਸੀਂ ਰਾਜ ਦੇ ਲਾਭ ਪ੍ਰਾਪਤ ਕਰ ਰਹੇ ਹਾਂ (ਇਬਰਾਨੀਆਂ 12:28).

[31]ਜੌਨ ਐੱਸ. ਨੌਰਿਸ, ''ਵ੍ਹੇਅਰ ਹੀ ਲੀਡਜ਼ ਮੀ ਆਈ ਵਿਲ ਫ਼ਾਲੋ'' ਦਾ ਅਨੁਵਾਦ, *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕ. ਅਤੇ ਸੰਪਾ. ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ ਹੌਵਰਡ ਪਬਲੀਸ਼ਿੰਗ ਕੰ., 1994)।